# ਅੰਮ੍ਰਿਤ ਕੀਰਤਨ

ਅਕ 12 ਸਾਲ ਤੀਜਾ ਦਸੰਬਰ 1991




ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅੰਕ 12 ਸਾਲ ਤੀਜਾ ਦਸੰਬਰ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੰਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

ਚੰਦੇ ਦਾ ਵੇਰਵਾ
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

## ਵਿਸ਼ਾ ਪੰਨਾ

1. ਤੁਹਾਡੇ ਪੱਤਰ 4
2. ਗੁਰੂ ਨਾਨਕ ਦੀ ਸੰਗੀਤ ਕਲਾ —ਟੀ.ਸੀ. ਨਾਗਪਾਲ 5
3. ਗੁਰੂ ਗ੍ਰੰਥ ਸਾਹਿਬ ਵਿੱਚ ਕਵਿਤਾ ਤੇ ਸੰਗੀਤ ਦਾ ਮਹੱਤਵ —ਡਾ. ਜਾਗੀਰ ਸਿੰਘ 6
4. ਗੁਰਮਤਿ ਸੰਗੀਤ ਸਮਾਚਾਰ
5. ਗੁਰੂ ਤੇਗ ਬਹਾਦਰ ਸਾਹਿਬ —ਪ੍ਰਿੰ: ਸਾਹਿਬ ਸਿੰਘ 11
ਸ੍ਰੋਮਣੀ ਰਾਗੀ ਅਤੇ ਵਿਦਵਾਨ : ਸਨਮਾਨ ਸਮਾਰੋਹ—ਭਾਗ ਸਿੰਘ ਅਣਖੀ 17
7. ਸਿੱਖ ਕੀਰਤਨ ਮਰਿਯਾਦਾ : ਕਰਮ ਤੇ ਵਿਚਾਰ —ਬ. ਸ. ਰਤਨ (ਡਾ.) 27
8. ਰਾਗ ਬਿਹਾਗੜਾ : ਸੁਰ ਲਿਪੀ ਤੇ ਸ਼ਬਦ : ਅਰਥ —ਹਰਿਭਜਨ ਸਿੰਘ 30

: ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਤੁਹਾਡੇ ਪੱਤਰ

★ ਆਪ ਜੀ ਵੱਲੋਂ ਮਾਸਕ ਅੰਮ੍ਰਿਤ-ਕੀਰਤਨ ਦੇ ਪਿਛਲੇ ਟਾਈਟਲ ਨਵੰਬਰ ਅੰਕ ਵਿਚ ਪ੍ਰਮ ਪੂਜਓ ਸੰਤ ਬਾਬਾ ਸੁੱਚਾ ਸਿੰਘ ਜੀ, ਬਾਬਾ ਸਰਬਜੋਤ ਸਿੰਘ ਜੀ ਬੇਦੀ ਉਨਾਂ ਸਾਹਿਬ ਵਾਲਿਆਂ ਦਾ ਅਦੁੱਤੀ ਸੰਗੀਤ ਸੰਮੇਲਨ ਨਿਰਧਾਰਿਤ ਰਾਗਾਂ ਵਿਚ ਕਰਵਾ ਕੇ ਕੀਰਤਨੀਆਂ ਨੂੰ ਉਤਸ਼ਾਹਤ ਤੇ ਸਨਮਾਨਿਤ ਕਰਨ ਦਾ ਬਹੁਤ-ਬਹੁਤ ਧੰਨਵਾਦ ਬਾਰੇ ਪੜ੍ਹਿਆ ਮਨ ਗਦ ਗਦ ਹੋ ਉਠਿਆ ।

ਇਹਨਾਂ ਮਹਾਨ ਪੁਰਸ਼ਾਂ ਤੇ ਸਬੰਧਿਤ ਹੋਰ ਮਹਾਨ ਆਤਮਾਵਾਂ ਦਾ ਜਿਹਨਾਂ ਨੇ ਇਤਨੇ ਵੱਡੇ ਤੇ ਵਿਸ਼ਾਲ ਅਰੰਭੇ ਕਾਰਜ ਵਿਚ ਦਰਸ਼ਨਾਂ ਰਾਹੀਂ ਸਰੀਰਕ ਤੇ ਮਨਾਂ ਦੁਆਰਾ ਸਹਿਯੋਗ ਦਿੱਤਾ ਇਸ ਕਾਰਜ ਹਿਤ ਅਰੰਭੇ ਯਤਨਾਂ, ਭੂਮੀ ਸੰਵਾਰਨ ਬਨਾਉਣ ਸਿੰਚਣ, ਬੀਜਣ ਆਦਿ ਤੇ ਅਨੇਕਾਂ ਉਪਰਾਲੇ ਕੀਤੇ ਜਿਥੇ ਬਾਬਾ ਜੀ ਨੇ ਅਨੇਕਾਂ ਕਠਿਨਾਈਆਂ ਵਿਚੋਂ ਜੂਝਦੇ ਹੋਏ ਕੌਮ ਨੂੰ ਨਵੀਂ ਸੇਧ ਤੇ ਦਾਇਰੇ ਅੰਦਰ ਕਰਨ ਹਿਤ ਹੰਭਲਾ ਮਾਰਿਆ ਸੰਗਤਾਂ ਦਾ ਮਹਾਨ ਇਕੱਠ ਇੰਤਜਾਮ, ਸੇਵਾ, ਲੰਗਰ, ਨਾਮ ਸਿਮਰਨ ਦਾ ਪ੍ਰਵਾਹ ਉਥੇ ਉਹਨਾਂ ਮਹਾਨ ਸਾਧ ਸੰਗਤਾਂ ਦਾ ਵੀ ਧੰਨਵਾਦ ਜੋ ਗੁਰੂ ਕੀਰਤਨੀਏ ਬਹੁਮੁਲੇ ਸਮੇਂ ਲਗਭਗ 4 ਦਿਨਾਂ ਸਵੇਰ, ਦੁਪੈਹਰ, ਸ਼ਾਮ, ਰਾਤ ਤਕ ਕੀਰਤਨ ਸੁਣਦੀਆਂ ਰਹੀਆਂ, ਕੀਰਤਨ ਕਰਨ ਕਰਾਉਣ ਤੇ ਸੁਨਣ ਵਾਲੇ ਤੇ ਉਹਨਾਂ ਦੀ ਕਮਾਈ ਕਰਨ ਵਾਲੇ ਸਭ ਧੰਨਤਾਂ ਦੇ ਪਾਤਰ ਹਨ । —ਤੀਰਥ ਸਿੰਘ, ਸਿੰਘ ਸੇਵਕ ਜਥਾ ਸਹਾਰਨਪੁਰ

★ ਆਪ ਜੀ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਇਸ ਨਗਰ ਵਿਖੇ ਦਸ਼ਮੇਸ਼ ਲਾਇਬਰੇਰੀ ਸਥਾਪਤ ਕਰਨ ਦਾ ਸਫਲ ਯਤਨ ਆਰੰਭ ਕੀਤਾ ਹੋਇਆ ਹੈ । ਸਿੱਖ ਗੁਰੂ ਸਾਹਿਬਾਨ ਨੇ (ਗੁਰੂ ਗੋਬਿੰਦ ਸਿੰਘ ਜੀ ਨੇ 52 ਕਵੀ ਰੱਖ ਕੇ) ਅਮਰ ਸਾਹਿਤ ਰਚ ਕੇ ਕੁਲ ਦੁਨੀਆਂ ਦੀ ਭਲਾਈ ਲਈ ਵਿਦਿਆ ਪ੍ਰਤੀ ਸਹੀ ਦ੍ਰਿਸ਼ਟੀਕੋਣ ਦਿੱਤਾ ਹੈ । ਸਾਡਾ *ਮਨੋਰਥ ਲਾਇਬਰੇਰੀ* ਵਿਚ ਭਾਰਤ ਦੇ ਅਮਰ ਸਾਹਿਤ, ਸਿੱਖ ਵਿਰਸੇ ਅਤੇ ਪੰਜਾਬੀ ਸਭਿਆਚਾਰ ਬਾਰੇ ਵੱਧ ਤੋਂ ਵੱਧ ਪੁਸਤਕਾਂ ਇਕੱਤਰ ਕਰਨ ਦਾ ਹੈ । ਲਾਇਬਰੇਰੀ ਵਿਚ ਇਤਿਹਾਸ, ਸਾਹਿਤ (ਧਾਰਮਿਕ ਅਤੇ ਲੋਕ ਸਾਹਿਤ) ਬਾਲ ਸਾਹਿਤ ਅਤੇ ਖੇਤੀ ਬਾੜੀ ਸਬੰਧੀ ਪੁਸਤਕਾਂ ਲਿਆਉਣ ਦਾ ਯਤਨ ਹੈ ਤਾਂ ਕਿ ਬੱਚੇ, ਨੌਜਵਾਨ ਅਤੇ ਬਜ਼ੁਰਗ ਪੂਰਾ ਪੂਰਾ ਸਹੀ ਲਾਭ ਉਠਾ ਸਕਣ । ਅੱਜ ਦੇ ਉੱਨਤ ਯੁਗ ਵਿਚ ਲਾਇਬਰੇਰੀ ਦੀ ਮਹੱਤਤਾ ਹੋਰ ਵੀ ਵਧੇਰੇ ਹੈ ।

ਆਪ ਜੀ ਨੂੰ ਪੁਰ ਜ਼ੋਰ ਬੇਨਤੀ ਕਰਦੇ ਹਾਂ ਕਿ ਆਪ ਆਪਣੀ ਸ਼ਰਧਾ ਤੇ ਵਿੱਤ ਅਨੁਸਾਰ ਵੱਧ ਤੋਂ ਵੱਧ ਮਾਇਆ/ਪੁਸਤਕਾਂ ਭੇਜ ਕੇ ਸਾਡੇ ਯਤਨਾਂ ਨੂੰ ਭਰਵਾਂ ਹੁੰਗਾਰਾ ਦੇ ਕੇ ਧੰਨਵਾਦੀ ਬਣਾਉ । ਧੰਨਵਾਦ ਸਹਿਤ, ਲਾਇਬਰੇਰੀ ਪ੍ਰਬੰਧਕ

— ਦਸ਼ਮੇਸ਼ ਲਾਇਬਰੇਰੀ

ਗੋਂਦਪੁਰ ਰਾਣਾ, ਡਾਕਖਾਨਾ ਗੜ੍ਹਦੀਵਾਲ, ਜ਼ਿਲਾ ਹੁਸ਼ਿਆਰਪੁਰ

# 'ਗੁਰੂ ਨਾਨਕ ਦੀ ਸੰਗੀਤ ਕਲਾ'

ਉਪਰੋਕਤ ਸਿਰਲੇਖ ਹੇਠ ਅੰਕ ਨੰ: 11 ਨਵੰਬਰ 1991 ਅੰਮ੍ਰਿਤ ਕੀਰਤਨ ਵਿਚ ਸਫ਼ਾ 11 ਤੋਂ 17 ਤਕ ਪ੍ਰਮ ਵਿਦਵਾਨ ਅਤੇ ਖੋਜੀ ਸੱਜਨ ਪ੍ਰੋ: ਪਿਆਰਾ ਸਿੰਘ ਜੀ ਪਦਮ ਵੱਲੋਂ ਜੋ ਮਜ਼ਮੂਨ ਛਪਿਆ : ਉਸ ਦੇ ਮੁਤਅੱਲਿਕ ਕੁਝ ਵੇਰਵੇ ਅਤੇ ਤਫ਼ਸੀਲ ਨਾਲ ਇਕ ਜਾਇਜ਼ਾ ।

ਇਹ "ਗੁਰੂ ਨਾਨਕ ਦੀ ਸੰਗੀਤ ਕਲਾ" : ਮਜ਼ਮੂਨ ਪੜ੍ਹ ਸਮਝ ਕੇ ਬਹੁਤ ਹੀ ਦਿਲੀ ਪ੍ਰਸੰਨਤਾ ਹੋਈ । ਬੇ-ਇਖ਼ਤਿਯਾਰ ਬਦੋ-ਬਦੀ ਲਿਖਾਰੀ ਪਦਮ ਜੀ ਦੇ ਹੱਕ ਵਿੱਚ ਦਿਲੀ ਦੁਆਵਾਂ ਨਿਕਲਦੀਆਂ ਰਹੀਆਂ ।

ਉਰਦੂ ਦਾ ਇਕ ਸ਼ੇਅਰ ਹੈ "ਦੁਆਏਂ ਦਿਲ ਸੇ ਨਿਕਲਤੀ ਹੈਂ ॥ ਖ਼ੁਸ਼ਾਮਦ ਦਿਮਾਗ਼ ਸੇ ॥ ਧੂਪ ਸੂਰਜ ਸੇ ਮਿਲਤੀ ਹੈ । ਧੂੰਆਂ ਚਰਾਗ਼ ਸੇ ॥" ਕਹਿਣ ਤੋਂ ਭਾਵ ਕਿ ਅਸਲੀ ਦੁਆ ਹਮੇਸ਼ਾਂ ਦਿਲੋਂ ਹੀ ਨਿਕਲਿਆ ਕਰਦੀ ਹੈ । ਸਿਰਫ਼ ਉਪਰੋਂ ਜ਼ਬਾਨ ਚੋਂ ਨਹੀਂ । ਪਦਮ ਜੀ ਨੇ ਇਸ ਲੇਖ ਵਿੱਚ ਆਪਣੀ ਭਰਪੂਰ ਜਾਣਕਾਰੀ ਅਤੇ ਵਿਦਵਤਾ ਦਾ ਸਹੀ ਸਹੀ ਸਬੂਤ ਦਿਤਾ ਹੈ । ਸਾਰਾ ਮਜ਼ਮੂਨ ਖੋਜ ਭਰਿਆ ਮੁੱਦਲਿਲ ਅਤੇ ਸਾਇਟੀਫ਼ਿਕ ਢੰਗ ਨਾਲ ਬਿਆਨਿਆ ਹੋਇਆ ਹੈ ।

ਪਦਮ ਜੀ ਨੇ ਇਕ ਲਈਨ ਭੀ ਕੋਈ ਗ਼ੈਰ ਫ਼ਿਤਰੀ ਯਾਨੀ ਕਨੂੰਨ—ਕੁਦਰਤ ਦੇ ਖਿਲਾਫ਼ ਯਾ ਝੋਈ ਉਚੇਚੀ ਤਰਫ਼ਦਾਰੀ ਕਰਦੇ ਹੋਏ ਯਾ ਜਾਣਦੇ-ਬੁਝਦੇ ਕੋਈ ਅਤਿ-ਕਥਨੀ ਕਿਧਰੇ ਅੰਕਿਤ ਨਹੀਂ ਕੀਤੀ । ਬਲਕਿ ਆਪ ਜੀ ਨੇ ਇਤਹਾਸਿਕ ਤੱਥਾਂ ਅਨੁਸਾਰ ਜੋ ਗੱਲ ਹਕੀਕਤ ਅਤੇ ਇਨਸਾਫ਼ ਤੇ ਮੱਬਨੀ ਨਜ਼ਰ ਆਈ ਉਸੇ ਨੂੰ ਆਪਣੇ ਮਜ਼ਬੂਨ ਦਾ ਹਿੱਸਾ ਬਣਾਇਆ ।

ਸੰਗੀਤ ਤੇ ਕਵਿਤਾ ਦਾ ਡੂੰਘਾ ਨਾਤਾ ਹੈ, ਰੂਹਾਨੀਅਤ ਇਨ੍ਹਾਂ ਦੋਹਾਂ ਕਲਾਂ ਨੂੰ ਮਿਲਾਕੇ ਇਕ ਅਨੂਪਮ ਰਸ ਪੈਦਾ ਕਰਦੀ ਹੈ। ਇਸ ਮਜ਼ਬੂਨ ਦੀਆਂ ਪਹਿਲੀਆਂ ਦੋ ਲਾਈਨਾਂ ਹੀ ਬੜੀਆਂ ਵਜ਼ਨਦਾਰ ਅਤੇ ਚਾਲੀ ਸੇਰੀਆਂ ਹਨ । ਪਦਮ ਜੀ ਨੇ ਇਸੇ ਸਫ਼ਾ ਬਾਰਾਂ ਤੇ

"ਕਿ ਮਨੁੱਖੀ ਆਤਮਾ ਦੇ ਸਾਜ਼ ਨੂੰ ਸੁਰ ਕਰਨ ਲਈ ਖੁਸ਼ਕ ਆਤਮ ਗਿਆਨ ਕੰਮ ਨਹੀਂ ਸਾਰ ਸਕਦਾ"

ਇਹ ਫ਼ਿਕਰਾ ਲਿਖਿਆ: ਇਸ ਤੋਂ ਆਪ ਜੀ ਦੀ ਗਹਿਰੀ ਹਕੀਕਤ ਪਸੰਦਾਨਾ ਸਹੀ ਸੋਚ ਦਾ ਇਜ਼ਹਾਰ ਹੁੰਦਾ ਹੈ ॥ ਭਾਈ ਸਾਹਿਬ ਪਦਮ ਜੀ ਇਲਮੇ ਮੌਸੀਕੀ ਯਾ ਸੰਗੀਤ ਵਿਦਿਆ ਦੇ ਭੀ ਕਾਫੀ ਡੂੰਘੇ ਸੂਝਵਾਨ ਜਾਣਕਾਰ ਪ੍ਰਤੀਤ ਹੋ ਰਹੇ ਹਨ । ਆਪ ਜੀ ਨੇ ਕਈ ਹੋਰ ਪਹਿਲੂਆਂ ਤੇ ਭੀ ਕੁਝ ਕੁਝ ਰੌਸ਼ਨੀ ਪਾਂਦੇ ਹੋਏ: ਪਾਠਕਾਂ ਸ੍ਰੋਤਿਆਂ ਅਤੇ ਕੀਰਤਨ ਕਾਰਾਂ ਨੂੰ ਕਾਫ਼ੀ ਆਗਾਹ ਕੀਤਾ ਹੈ ॥ ਸੋ ਸਾਨੂੰ ਸਭ ਨੂੰ ਇਹ ਮਜ਼ਮੂਨ ਕੁਝ ਮੁੜ ਮੁੜ ਪੜ੍ਹਨਾ ਅਤੇ ਸਮਝਣਾ ਚਾਹੀਦਾ ਹੈ । ਬਹਰ-ਹਾਲ ਉਪਰੋਕਤ ਲਿਖਾਰੀ ਪਦਮ ਜੀ ਬਿਲਾ-ਸ਼ੁਬਾ ਮੁਬਾਰਕ ਬਾਦ ਦੇ ਮੁਸਤਹਿਕ ਹਨ ॥

ਦਾਸ—ਟੀ.ਸੀ. ਨਾਗਪਾਲ 46-V-1
ਕਟਰਾ ਦੱਲ ਸਿੰਘ ਗਲੀ ਸੁਨਿਆਰਿਆਂ ਅੰਮ੍ਰਿਤਸਰ ।

# ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਤੇ ਸੰਗੀਤ ਦਾ ਮਹੱਤਵ

—ਡਾ. ਜਾਗੀਰ ਸਿੰਘ

(ਪਛਲੇ ਅੰਕ ਤੋਂ ਅੱਗੇ)

ਗੁਰੂ ਅਰਜਨ ਦੇਵ ਜੀ ਦੇ ਵੇਲੇ ਬਾਣੀ ਅਤੇ ਕੀਰਤਨ ਦੀ ਮਹੱਤਤਾ ਸਿਖਰਾਂ ਤੇ ਪੁੱਜ ਗਈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਸੰਕਲਨ ਤੇ ਸੰਪਾਦਨ ਕੀਤਾ। ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਕਰਕੇ ਬਾਣੀ ਦੇ ਕੀਰਤਨ ਕਰਨ ਦੀ ਮਰਯਾਦਾ ਨੂੰ ਪ੍ਰਫੁੱਲਤ ਕੀਤਾ ਗਿਆ। ਹਰਿਮੰਦਰ ਸਾਹਿਬ ਵਿਚ ਭਾਈ ਸੱਤਾ ਤੇ ਬਲਵੰਡ ਕੀਰਤਨ ਕਰਿਆ ਕਰਦੇ ਸਨ।

ਗੁਰੂ ਅਰਜਨ ਦੇਵ ਜੀ ਨੇ ਸੰਗੀਤ ਵਿਦਿਆ ਨੂੰ ਖਾਨਦਾਨੀ ਚਾਰ ਦਿਵਾਰੀ ਵਿੱਚੋਂ ਕੱਢ ਕੇ ਹਰ ਸਿੱਖ ਨੂੰ ਸੰਗੀਤ ਵਿੱਦਿਆ ਸਿੱਖਣ ਦੀ ਪ੍ਰੇਰਨਾ ਦਿੱਤੀ। ਆਪਣੇ ਦੋ ਸਿੱਖਾ ਝਾਝੂ ਅਤੇ ਮੁਕੰਦ ਨੂੰ ਕੀਰਤਨ ਦੀ ਮਹੱਤਤਾ ਦਸਦਿਆਂ ਕਿਹਾ : ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈ ਦੀ ਹੈ ਅਨਾਜ ਦਾ ਬੋਹਲ ਘਰ ਲੈ ਆਈਦਾ ਹੈ; ਤੈਸੇ ਬਾਣੀ ਦੇ ਪਾਠ ਦਾ ਫਲ ਹੋਤਾ ਹੈ। ਪਰ ਖੂਹ ਦਾ ਪਾਣੀ ਦੂਜੇ ਦੀ ਪੈਲੀ ਨਜ਼ਦੀਕ ਹੋਵੇ ਤਾਂ ਉਸ ਨੂੰ ਭੀ ਪਹੁੰਚਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹੈਨਿ।[1]

ਉਪ੍ਰੋਕਤ ਕਥਨ ਤੋਂ ਸਪਸ਼ਟ ਹੈ ਕਿ ਗੁਰਬਾਣੀ ਦੇ ਪਾਠ ਤੋਂ ਗੁਰਬਾਣੀ ਦਾ ਕੀਰਤਨ ਵਧੇਰੇ ਮਹੱਤਵਸ਼ਾਲੀ ਸਮਝਇਆ ਜਾਂਦਾ ਸੀ।

ਗੁਰੂ ਅਰਜਨ ਦੇਵ ਜੀ ਦੇ ਵੇਲੇ ਕੀਰਤਨ ਦੀ ਮੈਹਾਨਤਾ ਨੂੰ ਭਾਈ ਗੁਰਦਾਸ ਜ ਨੇ ਵੀ ਦਰਸਾਇਆ ਹੈ।

ਸਚ ਵਣਜ ਗੁਰ ਹਟੀਐ ਸਾਧ ਸੰਗਤਿ
ਕੀਰਤਨ ਕਰਤਾਰਾ।[2]
ਸਾਚੀ ਭਗਤ ਭੰਡਾਰ ਸਚ
ਰਾਗ ਰਤਨ ਕੀਰਤਨ ਭਾਵੰਦਾ।[3]

ਗੁਰੂ ਅਰਜਨ ਦੇਵ ਜੀ ਦਾ ਆਪਣਾਂ ਕਥਨ ਹੈ :

ਗੁਰਦੁਆਰੇ ਹਰਿ ਕੀਰਤਨ ਸੁਣੀਐ
ਸਤਿਗੁਰ ਭੇਟ ਹਰਿ ਜਸੁ ਮੁਖ ਭਣੀਐ।[4]

ਗੁਰੂ ਅਰਜਨ ਦੇਵ ਜੀ ਨੇ ਕੀਰਤਨ ਕਰਨ ਵਾਲੇ ਕੀਰਤਨੀਏ ਦੀ ਵਡਿਆਈ ਗਾਉਂਦਿਆਂ ਕਿਹਾ ਹੈ :

ਭਲੋ ਭਲੋ ਰੇ ਕੀਰਤਨੀਆ
ਰਾਮ ਰਮਾ ਰਾਮਾ ਗੁਨ ਗਾਉ ।[5]

ਭਾਈ ਗੁਰਦਾਸ ਜੀ ਕੀਰਤਨ ਕਰਨ ਵਾਲਿਆਂ ਦੀ ਉਸਤਤੀ ਕਰਦੇ ਹਨ :

ਕਤ ਪੁੰਨਿ ਰਾਗ ਨਾਦ ਬਾਝ ਹੈ ਸੰਗੀਤ ਰੀਤਿ
ਸ੍ਰੀ ਗੁਰ ਸਬਦਿ ਧੁਨਿ ਸੁਨਿ ਪੁਨਿ ਗਾਈਐ ।[6]

ਭਾਈ ਗੁਰਦਾਸ ਜੀ ਹੱਥਾਂ ਦੀ ਸਫਲਤਾ ਲਈ ਹੋਰ ਸ਼ੁਭ ਕਰਮਾਂ ਵਿਚ ਮ੍ਰਿਦੰਗ ਅਤੇ ਰਬਾਬ ਵਜਾਉਣਾ ਵੀ ਦੱਸਦੇ ਹਨ ।

ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵ ।[7]

ਗੁਰੂ ਅਰਜਨ ਦੇਵ ਜੀ ਦੇ ਵੇਲੇ ਕੀਰਤਨ ਕਰਨ ਦੀ ਮਹੱਤਤਾ ਦੇ ਨਾਲ ਕੀਰਤਨ ਸੁਣਨ ਦੀ ਮਹੱਤਤਾ ਵੀ ਦਰਸਾਈ ਗਈ ਹੈ :

ਜਗਨਾ ਜਾਗਨ ਨੀਕਾ ਹਰਿ ਕੀਰਤਨ ਮਹਿ ਜਾਗਨਾ ।[8]

ਭਾਈ ਗੁਰਦਾਸ ਜੀ ਕੀਰਤਨ ਵਿਚ ਜਾਣ ਨੂੰ ਸਭ ਤੋਂ ਪੁਨੀਤ ਕਰਮ ਦੱਸਦੇ ਹਨ ।[9] ਗੁਰੂ ਅਰਜਨ ਦੇਵ ਜੀ ਦੇ ਵੇਲੇ ਸਿੱਖ ਸੰਸਥਾ ਵਿਚ ਕੀਰਤਨ ਇਤਨਾ ਸੁੰਦਰ ਹੋਣ ਲੱਗ ਪਿਆ ਸੀ ਕਿ ਇਕ ਵਾਰ ਤਾਨਸੈਨ ਨੇ ਵੀ ਇਹ ਕੀਰਤਨ ਸੁਣ ਕੇ ਸ਼ਾਸਤਰੀ ਸੰਗੀਤ ਦੇ ਉਚ ਪੱਧਰ ਦੀ ਦਾਦ ਦਿੱਤੀ ।[10]

ਗੁਰੂ ਅਰਜਨ ਦੇਵ ਜੀ ਦੇ ਵੇਲੇ ਬਾਣੀ ਦਾ ਕੀਰਤਨ ਸਿੱਖਾਂ ਦੇ ਸੰਸਕਾਰਾਂ ਸਮੇਂ ਵੀ ਹੋਣ ਲੱਗ ਪਿਆ ਸੀ । ਗੁਰੂ ਹਰਿ ਗੋਬਿੰਦ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੇ ਜਿਹੜੀ ਰੀਤ ਕੀਤੀ ਭਾਈ ਸੰਤੋਖ ਸਿੰਘ ਅਨੁਸਾਰ ਉਸ ਵਿਚ ਕੀਰਤਨ ਪ੍ਰਮੁੱਖ ਸੀ ।[11]

ਗੁਰੂ ਹਰਿ ਗੋਬਿੰਦ ਜੀ ਨੇ ਕੀਰਤਨ ਦੀ ਮਰਯਾਦਾ ਵਿਚ ਇਕ ਮਹੱਤਵ ਪੂਰਨ ਵਾਧਾ ਕੀਤਾ । ਜਿੱਥੇ ਪਹਿਲਾਂ ਕੇਵਲ ਗੁਰਬਾਣੀ ਦਾ ਕੀਰਤਨ ਕੀਤਾ ਤੇ ਸੁਣਿਆ ਜਾਂਦਾ ਸੀ ਉਥੇ ਗੁਰੂ ਹਰਿ ਗੋਬਿੰਦ ਜੀ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾ ਕੇ ਉਸ ਵਿਚ ਢਾਡੀਆਂ ਪਾਸੋਂ ਬੀਰ ਰਸੀ ਵਾਰਾਂ ਦਾ ਗਾਇਨ ਸੁਣਦੇ ਸਨ । ਭਾਈ ਨੱਥਾ ਅਤੇ ਅਬਦੁਲਾ ਵਰਨਣ ਯੋਗ ਢਾਡੀ ਸਨ ।[12]

ਇਸ ਵੇਲੇ ਸਿੱਖ ਸੰਗਤ ਵਿਚ ਅਜਿਹੇ ਮਹਾਂਪੁਰਸ਼ ਮੌਜੂਦ ਸਨ ਜੋ ਹੋਰ ਕਾਰਜਾਂ ਵਿਚ ਪ੍ਰਬੀਣ ਹੋਣ ਦੇ ਨਾਲ ਨਾਲ ਸੰਗੀਤ ਕਲਾ ਦੇ ਵੀ ਮਾਹਿਰ ਸਨ । ਭਾਈ ਬਾਬਕ ਇਕ ਮਹਾਨ ਯੋਧਾ ਹੋਣ ਦੇ ਨਾਲ ਨਾਲ ਇਕ ਚੰਗਾ ਰਬਾਬੀ ਵੀ ਸੀ । ਗੁਰੂ ਤੇਗ ਬਹਾਦਰ ਜੀ ਨੇ ਸੰਗੀਤ ਕਲਾ ਦਾ ਗਿਆਨ ਭਾਈ ਬਾਬਕ ਤੋਂ ਵੀ ਪ੍ਰਾਪਤ ਕੀਤਾ ਸੀ ।[13]

ਗੁਰੂ ਹਰਿ ਰਾਇ ਜੀ ਵੇਲੇ ਵੀ ਕੀਰਤਨ ਦੀ ਇਹੀ ਰੀਤ ਪ੍ਰਚੱਲਤ ਰਹੀ ਹੈ । ਗੁਰੂ ਹਰਿ ਰਾਇ ਜੀ ਜਦੋਂ ਯਾਤਰਾ ਤੇ ਹੁੰਦੇ ਸਨ ਉਦੋਂ ਵੀ ਉਹ ਥਾਂ ਪਰ ਥਾਂ ਦੀਵਾਨ ਸਜਾ ਕੇ ਕੀਰਤਨ ਸੁਣਦੇ ਸਨ । ਮਾਲਵੇ ਦੇਸ਼ ਦੀ ਯਾਤਰਾ ਸਮੇਂ ਦਾ ਹਾਲ ਲਿਖਦਿਆਂ

ਗਿਆਨੀ ਗਿਆਨ ਸਿੰਘ ਦੱਸਦੇ ਹਨ, ਜਿਥੇ ਗੁਰੂ ਜੀ ਜਾਣ ਦੋ ਵੇਲੇ ਕੀਰਤਨ ਲੱਗੇ, ਭਾਈ ਜਸ ਦਰਿਆ, ਚਤਰਾ, ਨੱਥੂ ਆਦਿਕ ਰਬਾਬੀ ਇਕ ਵੇਲੇ ਚੌਕੀ ਕਰਨ, ਦੂਜੇ ਵੇਲੇ ਭਾਈ ਸੇਵਾ, ਰੱਤਾ ਪੰਜਾਬ ਆਦਿਕ ਕੀਰਤਨ ਕਰਨ ਕਥਾ ਕੀਰਤਨ ਸਤਿਸੰਗ ਦਾ ਪ੍ਰਵਾਹ ਚਲਿਆ ਰਹੇ ।[14]

ਭਾਈ ਹਰਬੰਸ ਸਿੰਘ ਅਨੁਸਾਰ[15] ਗੁਰੂ ਹਰਿ ਕ੍ਰਿਸ਼ਨ ਅਤੇ ਗੁਰੂ ਤੇਗ ਬਾਦਰ ਜੀ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਕੀਰਤਨ ਦੀ ਰਹੁ ਰੀਤ ਨੂੰ ਪਿਆਰਦੇ ਅਤੇ ਸਤਿਕਾਰਦੇ ਰਹੇ ।

ਗੁਰੂ ਤੇਗ ਬਹਾਦਰ ਜੀ ਆਪ ਸੰਗੀਤ ਗਿਆਤਾ ਸਨ ਅਤੇ ਕੀਰਤਨੀਏ ਸਿੱਖਾਂ ਨੂੰ ਇਨਾਮ ਦੇ ਕੇ ਸਤਿਕਾਰਦੇ ਸਨ । ਜੌਨ ਪੁਰ ਦੇ ਇਕ ਮਸੰਦ ਗੁਰਬਖਸ਼ ਨੇ ਗੁਰੂ ਜੀ ਨੂੰ ਕੀਰਤਨ ਸੁਣਾਇਆ । ਗੁਰੂ ਜੀ ਉਸ ਦੇ ਕੀਰਤਨ ਤੋਂ ਇਤਨੇ ਪ੍ਰਸੰਨ ਹੋਏ ਕਿ ਉਸ ਨੂੰ ਆਪਣਾ ਨਿੱਜੀ ਮ੍ਰਿਦੰਗ ਇਨਾਮ ਵਜੋਂ ਦੇ ਦਿੱਤਾ ।[16]

ਗੁਰੂ ਗੋਬਿੰਦ ਸਿੰਘ ਜੀ ਨੇ ਕੀਰਤਨ ਨੂੰ ਦਰਬਾਰ ਦਾ ਲਾਜ਼ਮੀ ਅੰਗ ਬਣਾ ਦਿੱਤਾ । ਆਪ ਜੀ ਦੇ ਦਰਬਾਰ ਵਿੱਚ ਸੱਦੂ ਅਤੇ ਮੱਧੂ[17] ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ । ਗੁਰੂ ਸਿੱਖਾਂ ਦੀ ਰਹਿਤ ਵਿਚ ਕੀਰਤਨ ਜ਼ਰੂਰੀ ਹੈ :

ਗੁਰ ਸਿਖ ਰਹਿਤ ਸੁਨਹੁ ਰੇ ਮੀਤ ।
ਪਰਭਾਤੇ ਉਠ ਕਰ ਹਿਤ ਚੀਤ ।
ਵਾਹਗੁਰੂ ਗੁਰ ਮੰਤ੍ਰ ਸੁ ਜਾਪ ।
ਕਰ ਇਸਨਾਨ ਪੜੇ ਜਪ ਜਾਪ ।
ਸੰਧਯਾ ਸਮੇ ਸੁਨੈ ਰਹਿਰਾਸ ।
ਕੀਰਤਨ ਕਥਾ ਸੁਨੈ ਹਰਿ ਯਾਸ ।[18]

ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਸਾਧ ਸੰਗਤ ਵਿਚ ਨਾ ਜਾਣ ਵਾਲਾ ਸਿੱਖ ਅਤੇ ਸੰਗਤ ਵਿਚ ਜਾ ਕੇ ਕਥਾ ਕੀਰਤਨ ਵੇਲੇ ਗੱਲਾਂ ਕਰਨ ਵਾਲਾ ਸਿੱਖ ਸਜਾ ਯੋਗ ਗਿਣਿਆ ਗਿਆ ਹੈ :

ਪ੍ਰਾਤਕਾਲ ਸਤਸੰਗ ਨ ਜਾਵੈ
ਤਨਖਾਹ ਦਾਰ ਵਹ ਬਡਾ ਕਹਾਵੈ ।
... ... ... ... ...
ਸਤਸੰਗ ਜਾਇ ਕਰ ਚਿਤ ਡੁਲਾਵੈ
ਹਰਿ ਯਸ ਸੁਨਤੇ ਬਾਤ ਚਲਾਵੈ
... ... ... ... ...
ਸੋ ਤਨਖਾਹੀ ਮੂਲ ਕਹਾਵੈ ।[19]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਬਾਣੀ ਅਤੇ ਸੰਗੀਤ ਇਕ ਅਟੁੱਟ ਰਿਸ਼ਤੇ ਵਿਚ ਬੱਝ ਕੇ ਕੀਰਤਨ ਬਣ ਚੁੱਕੇ ਸਨ ਅਤੇ ਕੀਰਤਨ ਸਿੱਖ ਸੰਸਥਾ ਦਾ ਇਕ ਜਰੂਰੀ ਅੰਗ ਸੀ ।

ਹੁਣ ਤੱਕ ਦੇ ਅਧਿਐਨ ਤੋਂ ਇਹ ਪੱਖ ਉਜਾਗਰ ਹੋਏ ਹਨ ਕਿ ਗੁਰਬਾਣੀ ਜਿਸ ਪਿੱਠ ਭੂਮੀ ਵਿੱਚ ਪੈਦਾ ਹੋਈ ਉਸ ਵਿਚ ਕਾਵਿ ਅਤੇ ਸੰਗੀਤ ਦਾ ਅਟੁੱਟ ਰਿਸ਼ਤਾ ਸੀ ਜਿਹਨਾਂ ਗੁਰੂ ਕਵੀਆਂ ਨੇ ਬਾਣੀ ਰਚੀ ਉਹ ਆਪ ਕਵਿਤਾ ਅਤੇ ਸੰਗੀਤ ਦੇ ਮਹੱਤਵ ਨੂੰ ਸਮਝਦੇ ਸਨ ਅਤੇ ਇਹਨਾਂ ਦੋਹਾਂ ਕਲਾਵਾਂ ਵਿਚ ਮਾਹਿਰ ਸਨ ਅਤੇ ਗੁਰਬਾਣੀ ਜਿਸ ਸੰਸਥਾ ਨਾਲ ਸੰਬੰਧਤ ਹੈ ਉਸ ਵਿਚ ਕਾਵਿ ਅਤੇ ਸੰਗੀਤ ਦੇ ਸੁਮੇਲ ਪ੍ਰਬੰਧ (ਕੀਰਤਨ) ਦਾ ਵਿਸ਼ੇਸ਼ ਸਤਿਕਾਰ ਯੋਗ ਸਥਾਨ ਹੈ। ਹੁਣ ਅਸੀਂ ਗੁਰਬਾਣੀ ਦਾ ਅਧਿਐਨ ਕਰਦਿਆਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਕਵਿਤਾ ਅਤੇ ਸੰਗੀਤ ਦੇ ਸੰਬੰਧ ਬਾਰੇ ਕਿਹੜੇ ਭਾਵ ਪ੍ਰਗਟਾਏ ਹਨ ਅਤੇ ਗੁਰਬਾਣੀ ਵਿਚ ਕੀਰਤਨ ਦੀ ਕੀ ਮਹੱਤਤਾ ਹੈ ?

ਫੁੱਟ ਨੋਟ ਤੇ ਹਵਾਲੇ :

1. ਮਨੀ ਸਿੰਘ (ਭਾ.) ਸਿੱਖਾਂ ਦੀ ਭਗਤ ਮਾਲਾ, ਪੰਨਾ 91-92
2. ਵਾਰਾਂ ਭਾਈ ਗੁਰਦਾਸ, ਵਾਰ 31, ਪਉੜੀ 1.
3. ਉਹੀ ਵਾਰ 26, ਪਉੜੀ 1
4. ਆਦਿ ਗ੍ਰੰਥ, ਪੰਨਾ 1075
5. ਉਹੀ, ਪੰਨਾ 884
6. ਭਾਈ ਗੁਰਦਾਸ ਜੀ, ਕਬਿੱਤ ਸਵੱਯੇ, ਪੰਨਾ 227
7. ਵਾਰਾਂ ਭਾਈ ਗੁਰਦਾਸ, ਵਾਰ 6, ਪਉੜੀ 12
8. ਆਦਿ ਗ੍ਰੰਥ, ਪੰਨਾ 1018
9. ਕਤ ਪੁਨਿ ਮਾਨਸ ਜਨਮ ਕਤ ਸਾਧ ਸੰਗ
   ਨਿਸਦਿਨ ਕੀਰਤਨ ਸਮੇਂ ਚਲਿ ਜਾਈਐ।
   ਭਾਈ ਗੁਰਦਾਸ ਜੀ ਕੇ ਕਬਿੱਤ ਸਵੱਯੇ, ਪੰਨਾ 227
10. ਤਾਰਾ ਸਿੰਘ, ਵਾਦਨ ਕਲਾ, ਪੰਨਾ 280
11. ਕਰਹਿ ਰਬਾਬੀ ਕੀਰਤਨ ਆ ਕੇ
    ਕਬਿ ਸਿਖ ਗਾਇ ਜਿ ਰਾਗੀ ਬਨੈ।
    ਗੁਰ ਪ੍ਰਤਾਪ ਸੂਰਜ, ਰਾਸਿ 4, ਅਧਿਆਇ 45
12. ਨੱਥ ਢੱਢ ਬਜਾਇਆ ॥ ਅਬਦੁੱਲਾ ਹੜ ਰਬਾਬ।
13. ਡਾ. ਗੁਰਚਰਨ ਸਿੰਘ ਮਹਿਤਾ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬਲੀਦਾਨ ਅਤੇ ਸੰਦੇਸ਼ : 'ਗੁਰਮਤਿ ਪ੍ਰਕਾਸ਼', ਦਸੰਬਰ 1975
14. ਤਵਾਰੀਖ ਗੁਰੂ ਖਾਲਸਾ, ਪੰਨਾ 603
15. ਨਿਰਬਾਣ ਕੀਰਤਨ, ਪੰਨਾ 47
16. ਤਵਾਰੀਖ ਗੁਰੂ ਖਾਲਸਾ, ਪੰਨਾ 675
17. ਸਦੂ ਮਦੂ ਆਸਾ ਵਾਰ, ਜੀਵਨ ਕਰਤੇ ਰਾਗ ਸੁਧਾਰ।
    ਭਾਈ ਸੰਤੋਖ ਸਿੰਘ, ਹਵਾਲਾ ਨਿਰਬਾਣ ਕੀਰਤਨ. ਪੰਨਾ 49
18. ਪ੍ਰਸ਼ਨ ਉਤਰ ਭਾਈ ਨੰਦ ਲਾਲ ਕਾ,
    ਹਵਾਲਾ ਕਾਹਨ ਸਿੰਘ ਨਾਭਾ, ਗੁਰਮਤਿ ਸੁਧਾਕਰ, ਪੰਨਾ 216
19. ਤਨਖਾਹ ਨਾਮਾ, ਹਵਾਲਾ, ਕਾਹਨ ਸਿੰਘ ਨਾਭਾ, ਗੁਰਮਤ ਸੁਧਾਕਰ, ਪਨਾ 254

(ਚਲਦਾ)

# ਗੁਰਮਤਿ ਸੰਗੀਤ ਸਮਾਚਾਰ

**ਦਿੱਲੀ**—ਸ੍ਰੀ ਗੁਰੂ ਗ੍ਰੰਥ ਸਾਹਿਬ ਸੇਵਕ ਜਥਾ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਨਸ਼ੀਨੀ ਪੁਰਬ ਬੜੀ ਧੂਮ ਧਾਮ ਨਾਲ ਮਨਾਇਆ ਗਿਆ।

ਇਸ ਸੰਬੰਧ ਵਿਚ ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ। ਇਹਨਾਂ ਦੀਵਾਨਾਂ ਵਿਚ ਭਾਈ ਅਮਰਜੀਤ ਸਿੰਘ ਤਾਨ ਡਾਕਟਰ ਭਾਈ ਜਾਗੀਰ ਸਿੰਘ ਚੰਡੀਗੜ੍ਹ ਭਾਈ ਜਸਵਿੰਦਰ ਸਿੰਘ ਟੈਕਸਲਾ ਟੀ. ਵੀ. ਵਾਲੇ ਭਾਈ ਗੁਰਚਰਨ ਸਿੰਘ ਰਸੀਆ, ਭਾਈ ਨੰਦ ਸਿੰਘ, ਭਾਈ ਲਖਵੀਰ ਸਿੰਘ ਟਿਵਾਣਾ ਸਾਹਿਬ ਵਾਲਿਆਂ ਨੇ ਕੀਰਤਨ ਕੀਤਾ। ਗਿਆਨੀ ਸੰਤ ਸਿੰਘ ਮਸਕੀਨ, ਗਿ. ਜਗਤਾਰ ਸਿੰਘ ਜਾਚਕ ਅਤੇ ਗਿਆਨੀ ਗੁਰਜੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਬਾਰੇ ਲੈਕਚਰ ਦਿੱਤੇ।

**ਸ੍ਰੀ ਗੰਗਾਨਗਰ**—ਗੁਰਦੁਆਰਾ ਗੁਰੂ ਨਾਨਕ ਦਰਬਾਰ ਜੀ ਬਲਾਕ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਹਨਾਂ ਦਿਵਾਨਾਂ ਵਿਚ ਡਾਕਟਰ ਭਾਈ ਜਾਗੀਰ ਸਿੰਘ ਚੰਡੀਗੜ੍ਹ ਹਜ਼ੂਰੀ ਰਾਗੀ ਜਥਾ ਭਾਈ ਹਰਭਜਨ ਸਿੰਘ 'ਲਹਿਰੀ' ਅਤੇ ਭਾਈ ਨਾਨਕ ਸਿੰਘ 'ਸਫਰੀ' ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ। ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਬਾਰੇ ਡਾ. ਪ੍ਰੋ: ਜੋਧ ਸਿੰਘ ਪੰਜਾਬੀ ਯੂਨੀਵਰਸਿਟੀ, ਪ੍ਰੋ: ਹਰਜੀਤ ਗੁਰੂ ਨਾਨਕ ਖਾਲਸਾ ਕਾਲਜ ਅਤੇ ਗਿਆਨੀ ਹਰਿਭਜਨ ਸਿੰਘ (ਕੜਿਆਂ ਵਾਲੇ) ਨੇ ਵਿਚਾਰ ਪ੍ਰਗਟ ਕੀਤੇ।

**ਸ਼ਬਦ-ਗੁਰੂ ਸਮਾਗਮ ਚੰਡੀਗੜ੍ਹ**—'ਗੁਰਬਾਣੀ ਇਸੁ ਜਗ ਮਹਿ ਚਾਨਣੁ' ਵੱਲੋਂ ਮਿਤੀ 17-11-91 ਨੂੰ ਪਰਚੇ ਦੇ ਸੰਪਾਦਕ ਸ੍ਰ. ਸਰਦਾਰਾ ਸਿੰਘ ਜੀ ਦੇ ਗ੍ਰਹਿ 126 ਸੈਕਟਰ 19-ਏ ਚੰਡੀਗੜ੍ਹ ਵਿਖੇ 'ਸ਼ਬਦ-ਗੁਰੂ' ਸਮਾਗਮ ਕੀਤਾ ਗਿਆ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਪੁਰਬ ਦੇ ਰੂਪ ਵਿਚ ਮਨਾਇਆ ਗਿਆ। ਇਸ ਵਿਚ ਭਾਈ ਕਸ਼ਮੀਰ ਸਿੰਘ ਮੁਹਾਲੀ, ਡਾ. ਭਾਈ ਜਾਗੀਰ ਸਿੰਘ ਚੰਡੀਗੜ੍ਹ ਅਤੇ ਭਾਈ ਸਾਹਿਬ ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਨੇ ਆਪਣੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਹਰਬੰਸ ਸਿੰਘ 'ਨਿਰਣੈਕਾਰ' ਪਟਿਆਲਾ, ਪ੍ਰਿੰਸੀਪਲ ਹਰਭਜਨ ਸਿੰਘ ਅਤੇ ਡਾ. ਹਰਨਾਮ ਸਿੰਘ ਸ਼ਾਨ ਨੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਵਿਆਖਿਆਨ ਰਾਹੀਂ ਦ੍ਰਿੜ੍ਹ ਕਰਾਇਆ। ★

# ਗੁਰੂ ਤੇਗ ਬਹਾਦਰ ਸਾਹਿਬ

(੧੬੨੧-੧੬੭੫)

**ਸੰਖੇਪ ਜੀਵਨ** ਪ੍ਰਿੰ. ਸਾਹਿਬ ਸਿੰਘ

ਜਨਮ ਅਸਥਾਨ—ਅੰਮ੍ਰਿਤਸਰ, ਗੁਰੂ ਕੇ ਮਹਲ ।

ਪਿਤਾ - ਗੁਰੂ ਹਰਿ ਗੋਬਿੰਦ ਸਾਹਿਬ ।

ਜਨਮ - ਤਾਰੀਖ—ਵੈਸਾਖ ਵਦੀ ੫, ੫ ਵੈਸਾਖ, ਸੰਮਤ ੧੬੭੮। ਦਿਨ ਐਤਵਾਰ । ਸੰਨ ੧੬੨੧' ਅਪਰੈਲ ੧ ।

ਬਾਲ ਉਮਰ—ਗੁਰੂ ਹਰਿ ਗੋਬਿੰਦ ਸਾਹਿਬ ਸੰਨ ੧੬੩੦ ਤਕ ਅੰਮ੍ਰਿਤਸਰ ਰਹੇ, ਫਿਰ ਇਥੋਂ ਪਰਵਾਰ ਸਮੇਤ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਚਲੇ ਗਏ, ਪਿਤਾ ਜੀ ਦੇ ਨਾਲ ਇਹ ਭੀ ।

ਸੰਨ ੧੬੩੪ ਵਿਚ ਪੈਂਦੇ ਖਾਂ ਬੇ-ਮੁਖ ਹੋ ਕੇ ਲਾਹੌਰੋਂ ਫੌਜ ਲੈ ਕੇ ਚੜ੍ਹ ਆਇਆ । ਕਰਤਾਰਪੁਰ ਜੰਗ ਹੋਇਆ । ਤਦੋਂ (ਗੁਰੂ) ਤੇਗ ਬਹਾਦਰ ਸਾਹਿਬ ਭੀ ਓਥੇ ਹੀ ਸਨ । ਇਸ ਜੰਗ ਤੋਂ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ, (ਗੁਰੂ) ਤੇਗ ਬਹਾਦਰ ਸਾਹਿਬ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਆਪਣੀ ਮਾਤਾ ਸਮੇਤ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ ।

ਗੁਰਿਆਈ—ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਜੋਤੀ ਜੋਤਿ ਸਮਾਏ ੩ ਵੈਸਾਖ (ਚੇਤਰ ਸੁਦੀ ੧੪) ਸਮਤ ੧੭੨੧ (੩੦ ਮਾਰਚ ਸੰਨ ੧੬੬੪)। ਉਹਨਾਂ ਦੀ ਆਖਰੀ ਹਿਦਾਇਤ ਕਿ 'ਬਾਬਾ ਬਕਾਲੇ' ।

ਬਾਈ ਦਾਹਵੇਦਾਰ ਬਕਾਲੇ ਆ ਇਕੱਠੇ ਹੋਏ । ਮੱਖਣ ਸ਼ਾਹ ਲੁਬਾਣਾ ਟਾਂਡਾ ਜ਼ਿਲ੍ਹਾ ਜੇਹਲਮ ਦਾ ਵਸਨੀਕ, ਵਪਾਰ ਦੇ ਨਫੇ ਵਿਚੋਂ ਪੰਜ ਸੌ ਮੋਹਰਾਂ ਲੈ ਕੇ ਦਰਸ਼ਨ ਨੂੰ ਆਇਆ । (ਗੁਰੂ) ਤੇਗ ਬਹਾਦਰ ਸਾਹਿਬ ਬਾਈ ਦਾਹਵੇਦਾਰਾਂ ਤੋਂ ਵੱਖਰੇ ਅਟੰਕ ਹੀ ਟਿਕੇ ਹੋਏ ਸਨ । ਮੱਖਣ ਸ਼ਾਹ ਨੇ ਲੱਭ ਹੀ ਲਏ । ਸਵਣ ਦੀ ਪੂਰਨਮਾਸ਼ੀ, ਸੰਨ ੧੬੬੪ ।

**ਵਿਰੋਧੀਆਂ ਦੀ ਚੋਟ** :—

ਬਾਬਾ ਧੀਰਮਲ ਦੇ ਮਸੰਦ ਸ਼ੀਂਹੇ ਨੇ ਬੰਦੂਕ ਦਾ ਵਾਰ ਕੀਤਾ, ਪਰ ਨਿਸ਼ਾਨਾ ਖੁੰਝ ਗਿਆ । ਸਾਥੀਅ ਦੀ ਸਹਾਇਤਾ ਨਾਲ ਸੀਂਹੇ ਨੇ ਗੁਰੂ ਘਰ ਵਿਚੋਂ ਜੋ ਸਮਾਨ ਲੱਭਾ ਲੁੱਟ ਲਿਆ, ਤੇ, ਬਾਬਾ ਧੀਰਮਲ ਸਮੇਤ ਕਰਤਾਰਪੁਰ ਨੂੰ ।

**ਸਤਿਗੁਰੂ ਜੀ ਦੀ ਉਦਾਰਤਾ** :—

ਮੱਖਣ ਸ਼ਾਹ ਨੇ ਬੰਦੂਕ ਦਾ ਖੜਾਕ ਸੁਣ ਕੇ ਸਿੱਖ-ਸਾਥੀਆਂ ਸਮੇਤ ਬਾਬਾ ਧੀਰਮਲ ਦਾ ਪਿੱਛਾ ਕੀਤਾ । ਲੁੱਟਿਆ ਮਾਲ ਖੋਹ ਲਿਆਏ, 'ਆਦਿ ਬੀੜ' ਭੀ

ਲੈ ਆਏ। ਸਤਿਗੁਰੂ ਜੀ ਨੇ ਉਹ ਸਾਰਾ ਸਾਮਾਨ ਤੇ 'ਬੀੜ' ਭੀ ਵਾਪਸ ਭਿਜਵਾ ਦਿੱਤੀ, ਅਗਸਤ ਸੰਨ ੧੬੬੪।

**ਸ੍ਰੀ ਅੰਮ੍ਰਿਤਸਰ ਜੀ ਦਾ ਦਰਸ਼ਨ :-**

ਸੰਨ ੧੬੬੫ ਸ਼ੁਰੂ ਵਿਚ, ਭਾਈ ਮੱਖਣ ਸ਼ਾਹ ਭੀ ਨਾਲ ਹੀ। ਪੁਜਾਰੀਆਂ ਨੂੰ ਤੌਖਲਾ ਕਿ ਕਿਤੇ ਸਾਡੀ ਰੋਜ਼ੀ ਬੰਦ ਨਾਹ ਹੋ ਜਾਏ, ਦਰਵਾਜ਼ੇ ਬੰਦ ਕਰ ਕੇ ਚਲੇ ਗਏ। ਸ੍ਰੀ ਹਰਿਮੰਦਰ ਸਾਹਿਬ ਦਾ ਦਰਸ਼ਨ ਕਰਨ ਤੋਂ ਬਿਨਾਂ ਹੀ ਵਾਪਸ। ਜਿਥੇ ਉਡੀਕ ਵਿਚ ਬੈਠੇ ਰਹੇ, ਓਥੇ ਹੁਣ ਗੁਰਦੁਆਰਾ ਥੜਾ ਸਾਹਿਬ।

ਪਿੰਡ ਵੱਲੇ ਦੀ ਸੰਗਤਿ ਨੇ ਸੇਵਾ ਕੀਤੀ। ਉਸ ਪਿੰਡ ਸਾਲ ਦੇ ਸਾਲ ਮਾਘ ਦੀ ਪੂਰਨਮਾਸ਼ੀ ਨੂੰ ਮੇਲਾ। ਵੱਲੇ ਤੋਂ ਵਾਪਸ ਬਕਾਲੇ। ਬਕਾਲੇ ਤੋਂ ਕਰਤਾਰਪੁਰ ਦੇ ਰਸਤੇ ਕੀਰਤਪੁਰ।

**ਆਨੰਦਪੁਰ ਵਸਾਣਾ**

੧੬੩੪ ਤੋਂ ੧੬੬੪ ਤਕ ਤ੍ਰੀਹ ਸਾਲ ਕੀਰਤਪੁਰ ਹੀ ਕੇਂਦਰੀ ਗੁਰ-ਅਸਥਾਨ ਬਣਿਆ ਰਿਹਾ। ਗੁਰੂ ਤੇਗ ਬਹਾਦਰ ਸਾਹਿਬ ਨੇ ਰਿਆਸਤ ਕਹਲੂਰ ਦੇ ਰਾਜੇ ਦੀਪ ਚੰਦ ਤੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਨਗਰ ਆਨੰਦਪੁਰ ਵਸਾਇਆ। ੨੧ ਅੱਸੂ ਸੰਮਤ ੧੭੨੨) ਅਕਤੂਬਰ ਸੰਨ ੧੬੬੫) ਨੂੰ ਆਨੰਦਪੁਰ ਦੀ ਨੀਂਹ ਰੱਖੀ ਗਈ ਸੀ।

**ਪੂਰਬ ਦੇਸ਼ ਵੱਲ ਦੌਰਾ :—**

ਹਿੰਦੂ ਕੌਮ ਦੇ ਵਿਰੁੱਧ ਔਰੰਗਜ਼ੇਬ ਦੀ ਸਖਤੀ ਵਾਲੀ ਰਾਜਨੀਤੀ ਪੂਰਬੀ ਬੰਗਾਲ ਤੇ ਉੜੀਸੇ ਵੱਲ ਖਾਸ ਸਖਤੀਆਂ।

ਘਬਰਾਈ ਹੋਈ ਹਿੰਦੂ ਜਨਤਾ ਨੂੰ ਢਾਰਸ ਦੇਣ ਲਈ ਸਤਿਗੁਰੂ ਜੀ ਪੂਰਬ ਦੇਸ਼ ਨੂੰ। ਪਰਵਾਰ ਸਮੇਤ।

**ਮਾਲਵਾ ਅਤੇ ਬਾਂਗਰ ਦਾ ਇਲਾਕਾ :—**

ਜਿਵੇਂ ਗੁਰੂ ਅਰਜਨ ਸਾਹਿਬ ਨੇ ਕਾਲ ਅਤੇ ਔੜ ਦੇ ਸਮੇਂ ਮਾਝੇ ਵਿਚ ਖਾਸ ਜ਼ੋਰ ਲਾਇਆ ਸੀ, ਤਿਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਮਾਲਵੇ ਅਤੇ ਬਾਂਗਰ ਵਿਚ ਲੋਕਾਂ ਦੀ ਆਰਥਕ ਅਤੇ ਸਦਾਚਾਰਕ ਹਾਲਤ ਸੁਧਾਰਨ ਵੱਲ ਖਾਸ ਧਿਆਨ ਦਿੱਤਾ। ਸਿੱਖ ਕੌਮ ਦੀ ਦਸਵੰਧ ਦੀ ਭੇਟਾ ਨੇ ਗਰੀਬ ਲੋਕਾਂ ਨੂੰ ਬਹੁਤ ਢਾਰਸ ਦਿੱਤੀ।

**ਮੂਲੋਵਾਲ :—**

ਆਨੰਦਪੁਰ ਤੋਂ ਚੱਲ ਕੇ ਘਨੌਲੀ; ਰੋਪੜ, ਦਾਦੂ ਮਾਜਰਾ, ਨੌਲੱਖਾ ਆਦਿਕ ਪਿੰਡਾਂ ਵਿਚੋਂ ਦੀ ਹੋ ਕੇ ਸਤਿਗੁਰੂ ਜੀ ਪਿੰਡ ਮੂਲੋਵਾਲ ਪਹੁੰਚੇ। ਇਥੇ ਪੰਜ ਦਿਨ ਟਿਕਾਣਾ ਕੀਤਾ।

**ਸਾਬੋਕੀ ਤਲਵੰਡੀ :—**

ਮੂਲੋਵਾਲ ਤੋਂ ਫਰਵਾਹੀ, ਹੰਢਾਇਆ, ਭੰਦੇਹਰ ਖੀਵਾ, ਭਿੱਖੀ ਆਦਿਕ ਪਿੰਡਾਂ ਵਿਚ ਸਤਿਗੁਰੂ ਜੀ ਨੇ ਲੋੜ ਅਨੁਸਾਰ ਟਿਕਾਣਾ ਕੀਤਾ। ਭਿੱਖੀ ਤੋਂ ਅਗਾਂਹ ਪਿੰਡ ਦਲੇਉ, ਅਲੀਸ਼ੇਰ, ਖਿਆਲਾ, ਮੌੜ ਮਾਈਸਰ ਖਾਨਾ ਆਦਿਕ ਤੋਂ ਹੁੰਦੇ ਹੋਏ ਸਾਬੋਕੀ ਤਲਵੰਡੀ ਅੱਪੜੇ। ਇਥੇ ਹੁਣ ਗੁਰਦੁਆਰਾ ਦਮਦਮਾ ਸਾਹਿਬ। ਤਲਵੰਡੀ ਵਿਚ ਸਤਿਗੁਰੂ ਜੀ ਕਈ ਦਿਨ ਟਿਕੇ।

**ਲਾਂਗਰਦੇਸ਼ (ਕਰਨਾਲ ਰੋਹਤਕ ਹਿਸਾਰ ਦੇ ਜ਼ਿਲੇ)**

**ਧਮਧਾਣ :—**

ਕਈ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਧਮਧਾਣ। ਭਾਈ ਰਾਮਦੇਵ ਨੂੰ ਸੰਗਤਾਂ ਵਿਚ ਜਲ ਦੀ ਸੇਵਾ ਦੇ ਕਾਰਨ ਭਾਈ ਮੀਹਾਂ ਨਾਮ ਦਿੱਤਾ। ਪੂਰਬ ਦੇਸ਼ ਵਲ ਸਿੱਖ-ਧਰਮ ਪ੍ਰਚਾਰ ਕਰਨ ਭੇਜਿਆ।

**ਕੁਰਖੇਤਰ :—**

ਕੈਂਥਲ, ਥਨੇਸਰ, ਕੁਰਖੇਤਰ ਪਹੁੰਚੇ। ਸੂਰਜ ਗ੍ਰਹਿਣ ਦਾ ਸਮਾਂ।

**ਕੜਾ ਮਾਣਕਪੁਰ :—**

ਥਨੇਸਰ ਤੋਂ ਬਨੀ ਬਦਰ, ਕੜਾ ਮਾਣਕਪੁਰ। ਜੋਗੀਰਾਜ ਮਲੂਕ ਦਾਸ। ਸਰਧਾਵਾਨ ਬਣਿਆ। ਪੰਜ ਦਿਨ ਇਥੇ।

**ਉੱਤਰ ਪ੍ਰਦੇਸ਼ :—**

ਮਥੁਰਾ, ਆਗਾਰਾ (ਮਾਈ ਥਾਨ ਦੇ ਕੋਲ ਗੁਰਦੁਆਰਾ ਇਸ ਯਾਦ ਵਿਚ ਅਟਾਵਾ, ਕਾਨਪੁਰ, (ਗੰਗਾ ਦੇ ਕੰਢੇ ਡੇਰਾ)। ਅਲਾਹਬਾਦ (ਪ੍ਰਯਾਗ), ਡੇਰਾ ਕੀਤਾ ਆਈਆਪੁਰ ਦੇ ਮਹੱਲੇ, ਉਥੇ ਹੁਣ ਇਕ ਪੱਕੀ ਸੰਗਤਿ (ਗੁਰਦੁਆਰਾ) ਹੈ।

ਪ੍ਰਯਾਗ ਤੋਂ ਮਿਰਜ਼ਾਪੁਰ ਹੀ, ਕਾਂਸ਼ੀ (ਰੇਸ਼ਮ ਦੇ ਮਹੱਲੇ ਟਿਕਾਣਾ)।

**ਬਿਹਾਰ ਪ੍ਰਾਂਤ (ਸਸਰਾਮ, ਗਯਾ, ਪਟਨਾ, ਮੁੰਗੇਰ) —**

ਕਾਂਸ਼ੀ ਤੋਂ ਸਸਰਾਮ (ਸ਼ੇਰਸ਼ਾਹ ਇਥੇ ਜੰਮਿਆ ਸੀ)। ਸਸਰਾਮ ਤੋਂ ਗਯਾ। ਇਥੋਂ ਪਟਨੇ। ਭਾਈ ਜੈਤੇ ਹਲਵਾਈ ਦੇ ਘਰ ਡੇਰਾ। ਪਰਵਾਰ ਨੂੰ ਇਥੇ ਹੀ ਛੱਡ ਕੇ ਅਗਾਂਹ ਆਸਾਮ ਵਲ ਚੱਲ ਪਏ। ਪਟਨੇ ਤੋਂ ਮੁੰਗੇਰ, ਭਾਗਲਪੁਰ, ਰਾਜ ਮਹਲ।

**ਬੰਗਾਲ ;—**

ਰਾਜਮਹਲ ਤੋਂ ਮਾਲਦਾ, ਮੁਰਸ਼ਿਦਾਬਾਦ: ਢਾਕਾ। ਗੁਰੂ ਨਾਨਕ ਦੇਵ ਜੀ ਨੇ ਬੰਗਾਲ ਵਿਚ ਪ੍ਰਚਾਰ ਕਰਨ ਲਈ ਢਾਕੇ ਨੂੰ ਕੇਂਦਰ ਥਾਪਿਆ ਸੀ।

ਗੁਰੂ ਤੇਗ ਬਹਾਦਰ ਸਾਹਿਬ ਅਜੇ ਢਾਕੇ ਹੀ ਸਨ ਜਦੋਂ ਪਟਨੇ ਤੋਂ (ਗੁਰੂ) ਗੋਬਿੰਦ ਸਿੰਘ ਜੀ ਦੇ ਜਨਮ ਦੀ ਖਬਰ ਪਹੁੰਚੀ, ੨੬ ਦਸੰਬਰ ਸੰਨ ੧੬੬੬।

**ਆਸਾਮ :—**

ਉੱਤਰੀ ਆਸਾਮ ਦੇ ਨਿੱਕੇ ਜਿਹੇ ਅਹੋਮ ਕਬੀਲੇ ਨੇ ਆਪਣੇ ਦੇਸ਼ ਦੇ ਭੂਗੋਲਿਕ ਹਾਲਾਤ ਦੀ ਮਦਦ ਨਾਲ ਮੁਗਲ ਹਕੂਮਤ ਨਾਲ ਟੱਕਰ ਲਈ ਤੇ ਚੰਗੇ ਕਰਾਰੇ ਹੱਥ ਵਿਖਾਏ। ਔਰੰਗਜ਼ੇਬ ਨੇ ਦਸੰਬਰ ਸੰਨ ੧੬੬੭ ਵਿਚ ਮਿਰਜ਼ਾ ਰਾਜਾ ਜੈ ਸਿੰਘ ਦੇ ਪੁੱਤਰ ਰਾਜਾ ਰਾਮ ਸਿੰਘ ਨੂੰ ਆਸਾਮ ਵੱਲ ਜਾਣ ਦਾ ਹੁਕਮ ਦਿੱਤਾ।

ਤਦੋਂ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਵਿਚ ਪਹੁੰਚ ਚੁਕੇ ਸਨ। ਸਤਿਗੁਰੂ ਜੀ ਨੇ ਵਿਚ ਪੈ ਕੇ ਦੋਹਾਂ ਧਿਰਾਂ ਦੀ ਸੁਲਾਹ ਕਰਾਈ, ਸੰਨ ੧੬੭੦।

**ਪੰਜਾਬ ਵਲ ਵਾਪਸੀ :—**

ਔਰੰਗਜ਼ੇਬ ਨੇ ਸਾਰੇ ਭਾਰਤ ਵਾਸਤੇ ਨਵਾਂ ਹੁਕਮ ਜਾਰੀ ਕੀਤਾ ਕਿ ਕਾਫਰਾਂ ਦੇ ਸਭ ਪਾਠਸ਼ਾਲਾ ਤੇ ਮੰਦਰ ਢਾਹ ਦਿੱਤੇ ਜਾਣ, ਧਾਰਮਿਕ ਰਸਮਾਂ ਤੇ ਤਾਲੀਮ ਨੂੰ ਮੁਕਾ ਦਿੱਤਾ ਜਾਏ।

ਇਸ ਨਵੀਂ ਰਾਜਨੀਤੀ ਦਾ ਅਸਰ ਸੁਣ ਵੇਖ ਕੇ ਸਤਿਗੁਰੂ ਹੀ ਪੰਜਾਬ ਨੂੰ ਪਰਤੇ।

ਪਟਨੇ ਪਹੁੰਚ ਕੇ ਬਹੁਤ ਹੀ ਥੋੜ੍ਹਾ ਸਮਾ ਟਿਕੇ। ਪਰਵਾਰ ਨੂੰ ਉਥੇ ਹੀ ਟਿਕੇ ਰਹਿਣ ਦਿੱਤਾ। ਬਕਸਰ, ਬਨਾਰਸ, ਅਯੁੱਧਿਆ ਆਦਿਕ ਵਿਚੋਂ ਦੀ ਹੁੰਦੇ ਹੋਏ ਢਾਈ ਤਿੰਨ ਮਹੀਨਿਆਂ ਵਿਚ ਆਨੰਦਪੁਰ ਵਾਪਸ। ਥੋੜ੍ਹੇ ਹੀ ਚਿਰ ਪਿਛੋਂ ਸਾਰੇ ਪਰਵਾਰ ਨੂੰ ਭੀ ਪਟਨੇ ਤੋਂ ਮੰਗਾ ਲਿਆ।

**ਕਸ਼ਮੀਰੀ ਪੰਡਿਤ :—**

ਕਸ਼ਮੀਰ ਕਦੇ ਪੰਡਿਤਾਂ ਦਾ ਗੜ੍ਹ ਸੀ। ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫਗਨ ਖਾਂ ਨੇ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਣਾ ਸ਼ੁਰੂ ਕੀਤਾ। ਕਸ਼ਮੀਰੀ ਪੰਡਿਤਾਂ ਨੇ ਮੁਗਲਾਂ ਦੀ ਤਲਵਾਰ ਅੱਗੇ ਝੁਕਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਦਾ ਆਸਰਾ ਲਿਆ। ਸਤਿਗੁਰੂ ਜੀ ਨੇ ਉਹਨਾਂ ਦੀ ਬਾਂਹ ਫੜੀ।

**ਔਰੰਗਜ਼ੇਬ ਹਸਨ ਅਬਦਾਲ ਦੇ ਇਲਾਕੇ :—**

ਪਠਾਣ ਕਬੀਲਿਆਂ ਨੇ ਸਿਰ ਚੁੱਕਿਆ। ਔਰੰਗਜ਼ੇਬ ਇਹਨਾਂ ਨੂੰ ਦਬਾਣ ਲਈ ਆਪ ੧੯ ਜੂਨ ਸੰਨ ੧੬੭੪ ਨੂੰ ਹਸਨ ਅਬਦਾਲ ਜਾ ਪਹੁੰਚਿਆ। ਡੇਢ ਸਾਲ ਉਥੇ ਟਿਕਿਆ। ੨੬ ਮਾਰਚ ਸੰਨ ੧੬੭੬ ਨੂੰ ਦਿੱਲੀ ਵਾਪਸ ਪਹੁੰਚਿਆ।

**ਸਤਿਗੁਰੂ ਜੀ ਦਾ ਦੇਸ਼-ਰਟਨ :–**

ਕਸ਼ਮੀਰੀ ਪੰਡਿਤਾਂ ਨੂੰ ਮਦਦ ਦਾ ਭਰੋਸਾ ਦੇ ਕੇ ਸਤਿਗੁਰੂ ਜੀ ਦੇਸ਼ ਵਿਚ ਸਹਿਮੀ ਹੋਈ ਹਿੰਦੂ ਜਨਤਾ ਵਿਚ ਨਿਡਰਤਾ ਦਾ ਪ੍ਰਚਾਰ ਕਰਨ ਤੁਰ ਪਏ।

ਆਨੰਦਪੁਰ ਤੋਂ ਕੀਰਤਪੁਰ, ਫੈਜ਼ਾਬਾਦ, ਸਮਾਣਾ, ਕੈਂਥਲ, ਲੱਖਣ ਮਾਜਰਾ, ਰੋਹਤਕ।

ਖਾਸ ਸੇਵਕ ਤਾਂ ਪੰਜ ਹੀ ਰੱਖੇ ਸਨ—ਭਾਈ ਮਤੀਦਾਸ, ਭਾਈ ਦਿਆਲਾ, ਭਾਈ ਗੁਰਦਿੱਤਾ, ਭਾਈ ਊਦਾ, ਭਾਈ ਜੈਤਾ – ਪਰ ਰਸਤੇ ਵਿਚ ਲੋਕ ਹੁੰਮ-ਹੁਮਾ ਕੇ ਦਰਸ਼ਨ ਲਈ ਆ ਇਕੱਠੇ ਹੁੰਦੇ ਸਨ।

**ਤੁਰਕ ਹਾਕਮਾਂ ਵਲੋਂ ਰਪੋਟਾਂ :—**

ਤੁਰਕ ਹਾਕਮਾਂ ਨੇ ਲੋਕਾਂ ਦੀ ਬਦਲਦੀ ਦਸ਼ਾ ਵੇਖ ਕੇ ਔਰੰਗਜ਼ੇਬ ਪਾਸ ਰਪੋਟਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਕਿ ਗੁਰੂ ਤੇਗ ਬਹਾਦਰ ਆਪਣੇ ਨਾਲ ਲੁਟੇਰੇ ਧਾੜਵੀ ਲੈ ਕੇ ਹਿੰਦੂਆਂ ਨੂੰ ਡਰਾ ਡਰਾ ਕੇ ਉਹਨਾਂ ਦਾ ਧਨ-ਮਾਲ ਲੁੱਟ ਰਿਹਾ ਹੈ।

**ਗਰਿਫਤਾਰੀ ਦੇ ਹੁਕਮ :—**

ਹਸਨ ਅਬਦਾਲ ਔਰੰਗਜ਼ੇਬ ਪਾਸ ਤੁਰਕ ਹਾਕਮਾਂ ਦੀਆਂ ਰਪੋਟਾਂ ਪਹੁੰਚੀਆਂ ਕਸ਼ਮੀਰੀ ਪੰਡਿਤਾਂ ਦੀ ਅਰਜ਼ੀ ਭੀ ਕਿ ਜੇ ਗੁਰੂ ਤੇਗ ਬਹਾਦਰ ਸਾਹਿਬ ਮੁਸਲਮਾਨ ਬਣ ਗਏ, ਤਾਂ ਅਸੀਂ ਭੀ ਬਣ ਜਾਵਾਂਗੇ। ਲਾਹੌਰ ਦੇ ਹਾਕਮ ਵਲ ਗਰਿਫਤਾਰੀ ਦੇ ਹੁਕਮ ਜਾਰੀ ਹਿਦਾਇਤ ਕਿ ਉਹਨਾਂ ਨੂੰ ਮੁਸਲਮਾਨ ਬਣਾਨ ਦਾ ਜਤਨ ਕੀਤਾ ਜਾਏ।

ਇਤਨੇ ਨੂੰ ਸਤਿਗੁਰੂ ਜੀ ਆਗਰੇ ਦੇ ਇਲਾਕੇ ਵਿਚ। ਉਹਨਾਂ ਨਾਲ ਸਿਰਫ ਪੰਜ ਸਿੱਖ।

ਸ਼ਹਿਰ ਆਗਰੇ ਵਿਚ ਸਤਿਗੁਰੂ ਜੀ ਗਰਿਫਤਾਰ ਪੰਜ ਸਿੱਖਾਂ ਸਮੇਤ। ਦਿੱਲੀ ਲਿਆਂਦੇ ਗਏ। ਸੰਨ ੧੬੭੫। ਮੁਸਲਮਾਨ ਬਣਨ ਤੋਂ ਇਨਕਾਰ।

**ਭਿਆਨਕ ਮੌਤ ਦੇ ਡਰਾਵੇ ਤੇ ਸ਼ਹੀਦੀ :—**

ਔਰੰਗਜ਼ੇਬ ਦਾ ਦੂਜਾ ਹੁਕਮ ਹਸਨ ਅਬਦਾਲ ਤੋਂ ਕਿ ਸਤਿਗੁਰੂ ਜੀ ਨੂੰ ਕਤਲ ਕੀਤਾ ਜਾਏ।

ਡਰਾਵੇ ਦੇਣ ਲਈ ਸਤਿਗੁਰੂ ਜੀ ਦੇ ਸਾਹਮਣੇ ਪਹਿਲਾਂ ਭਾਈ ਮਤੀਦਾਸ ਜੀ ਨੂੰ ਆਰੇ ਨਾਲ ਚਿਰਾਇਆ ਗਿਆ, ਫਿਰ ਭਾਈ ਦਿਆਲੇ ਨੂੰ ਉਬਲਦੀ ਦੇਗ ਵਿਚ ਪਾ ਕੇ ਸ਼ਹੀਦ ਕੀਤਾ।

੧੧ ਨਵੰਬਰ ਸੰਨ ੧੬੭੫ ਨੂੰ ਸਤਿਗੁਰੂ ਜੀ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਦਿਨ ਵੀਰਵਾਰ ੧੧ ਮੱਘਰ ਸੰਮਤ ੧੭੩੨, ਮੱਘਰ ਸੁਦੀ ੫। ਹੁਣ ਓਥੇ ਗੁਰਦੁਆਰਾ ਸੀਸ ਗੰਜ, ਚਾਂਦਨੀ ਚੌਕ ਦਿੱਲੀ।

**ਭਾਈ ਜੈਤੇ ਦੀ ਹਿੰਮਤ :—**

ਲੋਕਾਂ ਦੀ ਓਥੇ ਭੀੜ, ਚੁਫੇਰੇ ਹਾਹਾਕਾਰ ਮਚੀ ਹੋਈ ਸੀ। ਉਸ ਹਫੜਾ-ਤਫੜੀ ਵਿਚ ਭਾਈ ਜੈਤੇ ਨੂੰ ਮੌਕਾ, ਸੀਸ ਓਥੋਂ ਚੁਕ ਕੇ ਸਿੱਧਾ ਆਨੰਦਪੁਰ ਨੂੰ।

**ਰਕਾਬ ਗੰਜ ਲਖੀ ਵਣਜਾਰਾ :—**

ਤਕੜੇ ਪਹਰੇ, ਭਾਈ, ਊਦਾ ਮੁਸਲਮਾਨੀ ਪਹਿਰਾਵੇ ਵਿਚ। ਸਿੱਖ ਵਣਜਾਰੇ ਲੱਖੀ ਨਾਲ ਮੁਲਾਕਾਤ, ਉਹ ਸੱਤ ਸੌ ਬਲਦ ਚੂਨੇ ਕਲੀ ਦੇ ਲੱਦ ਕੇ ਲਿਆ ਰਿਹਾ ਸੀ। ਦੋਹਾਂ ਨੇ ਸਲਾਹ ਮੇਲੀ। ਚੂਨਾ ਕਲੀ ਦਿੱਲੀ ਦੇ ਕਿਲੇ ਵਿਚ ਸੁੱਟ ਕੇ ਬਲਦਾਂ ਨੂੰ ਚਾਂਦਨੀ ਚੌਂਕ ਵਿਚੋਂ ਦੀ ਲੈ ਤੁਰਿਆ। ਪਹਿਰੇਦਾਰ ਪਰੇ ਹਟ ਗਏ। ਮੌਕਾ ਤਾੜ ਕੇ ਉਸ ਘੱਟੇ ਦੇ ਤੂਫਾਨ ਵਿਚ ਭਾਈ ਉਦੇ ਨੇ ਸਤਿਗੁਰੂ ਜੀ ਦਾ ਧੜ ਇਕ ਬਲਦ ਉਤੇ ਲੱਦ ਲਿਆ। ਸ਼ਹਿਰੋਂ ੩ ਮੀਲ ਤੇ ਲੱਖੀ ਦਾ ਪਿੰਡ ਰਕਾਬ ਗੰਜ। ਓਥੇ ਅੱਪੜਦੇ ਹੀ ਧੜ ਲੱਖੀ ਨੇ ਆਪਣੇ ਮਕਾਨ ਵਿਚ ਰੱਖ ਕੇ ਘਰ ਨੂੰ ਅੱਗ ਲਾ ਦਿੱਤੀ।

ਘੱਟੇ ਦਾ ਤੂਫਾਨ ਹਟਣ ਤੇ ਪਹਿਰੇਦਾਰਾਂ ਨੇ ਵੇਖਿਆ ਕਿ ਧੜ ਭੀ ਗਾਇਬ। ਰਕਾਬ ਗੰਜ ਪਹੁੰਚੇ। ਲੱਖੀ ਦਾ ਘਰ ਸੜ ਰਿਹਾ ਸੀ ਉਹ 'ਲੁੱਟੇ ਗਏ ਮਾਰੇ ਗਏ' ਦਾ ਰੌਲਾ ਪਾ ਰਿਹਾ ਸੀ। ਲੱਖੀ ਉਤੇ ਸ਼ੱਕ ਨਾ ਪਿਆ।

ਹੁਣ ਓਥੇ ਗੁਰਦੁਆਰਾ ਰਕਾਬ ਗੰਜ।

**ਸੀਸ ਆਨੰਦਪੁਰ**

ਭਾਈ ਜੈਤਾ ਸੀਸ ਲੈ ਕੇ ਆਨੰਦਪੁਰ ਜਾ ਰਿਹਾ ਸੀ, ਭਾਈ ਊਦਾ ਭੀ ਜਾ ਮਿਲਿਆ। ਦੋਵੇਂ ਅਨੰਦਪੁਰ ਜਾ ਪਹੁੰਚੇ। ਸਤਿਗੁਰੂ ਜੀ ਦੇ ਸੀਸ ਦਾ ਸੰਸਕਾਰ ਆਨੰਦਪੁਰ, ਓਥੇ ਹੁਣ ਗੁਰਦੁਆਰਾ ਸੀਸ ਗੰਜ।

(ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਵਿਚੋਂ ਧੰਨਵਾਦ ਸਹਿਤ)

**ਧਰਮ ਪ੍ਰਚਾਰ ਕਮੇਟੀ, ਚੀਫ ਖਾਲਸਾ ਦੀਵਾਨ**

ਛੇਵਾਂ ਸ਼੍ਰੋਮਣੀ ਰਾਗੀ ਅਤੇ ਵਿਦਵਾਨ ਸਨਮਾਨ ਸਮਾਰੋਹ

ਗੁਰਦੁਆਰਾ ਗੁਰੂ ਤੇਗ ਬਹਾਦਰ (ਕੈਲੜ) 15-ਸੀ, ਚੰਡੀਗੜ੍ਹ ਵਿਖ

# ਇਕ ਸੰਖੇਪ ਪਰਿਪੇਖ

**ਭਾਗ ਸਿੰਘ ਅਣਖੀ**

ਮੈਂਬਰ ਇੰਚਾਰਜ

ਧਰਮ ਪ੍ਰਚਾਰ ਕਮੇਟੀ, ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ।

ਧਰਮ ਪ੍ਰਚਾਰ ਕਮੇਟੀ ਚੀਫ ਖਾਲਸਾ ਦੀਵਾਨ ਕੌਮ ਦਾ ਇਕ ਅਜਿਹਾ ਅਦਾਰਾ ਹੈ ਜਿਸ ਨੇ ਵੱਖ ਵੱਖ ਸਮੇਂ ਵਿਚ ਅਜਿਹੇ ਚਿੰਨ੍ਹ, ਸੰਸਥਾਵਾਂ ਲਈ ਅੰਕਿਤ ਕੀਤੇ ਹਨ ਜੋ ਆਪਣੇ ਆਪ ਵਿਚ ਆਉਣ ਵਾਲੇ ਸਮੇਂ ਲਈ ਇਤਿਹਾਸ ਸੰਗੀਤ, ਗੁਰਮਤਿ ਸੰਗੀਤ ਅਤੇ ਕੌਮੀ ਜਜ਼ਬੇ ਨਾਲ ਅਟੁੱਟ ਸੰਬੰਧ ਰੱਖਦੇ ਹਨ । 1976 ਵਿਚ ਇਸ ਅਦਾਰੇ ਨੂੰ ਸਥਾਪਤ ਕੀਤਾ ਗਿਆ । ਜਿਸ ਨੇ ਆਪਣੇ ਵਿਤੋਂ ਵੱਧ ਆਉਣ ਵਾਲੇ ਸਮੇਂ ਲਈ ਅਜਿਹੇ ਪ੍ਰੋਗਰਾਮ ਉਲੀਕੇ ਜਿਨ੍ਹਾਂ ਨੂੰ ਕੌਮ ਨੇ ਵਿਸ਼ਾਲ ਪੱਧਰ ਤੇ ਅਪਣਾਇਆ ਤੇ ਇਤਿਹਾਸ ਦੇ ਉਹਨਾਂ ਖੇਤਰਾਂ ਨੂੰ ਜਨ ਸਾਧਾਰਨ ਤੱਕ ਅਨੁਭਵ ਕਰਵਾਇਆ । ਮੈਂ ਕਿਸੇ ਬਹੁਤ ਵਿਸਥਾਰ ਵਿਚ ਨਹੀਂ ਜਾਣਾ, ਕੇਵਲ ਇਸ ਜਥੇਬੰਦੀ ਦੇ ਕੀਤੇ ਹੋਏ ਕਾਰਜਾਂ ਤੇ ਇਕ ਪੰਛੀ ਝਾਤ ਪਾਉਣੀ ਹੈ । ਧਰਮ ਪ੍ਰਚਾਰ ਕਮੇਟੀ ਦੇ ਅਧੀਨ ਹੀ ਭਾਈ ਵੀਰ ਸਿੰਘ ਗੁਰਮਤਿ ਵਿਦਿਆਲਾ ਆਰੰਭ ਕੀਤਾ ਗਿਆ, ਜਿਸ ਨੇ 1979 ਤੋਂ ਲੈ ਕੇ 1991 ਤੱਕ ਲਗਭਗ 75 ਵਿਦਿਆ-ਰਥੀਆਂ ਨੂੰ 2 ਸਾਲਾਂ ਦਾ ਮਿਸ਼ਨਰੀ ਕੋਰਸ ਕਰਵਾਇਆ ਹੈ । ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀ ਵਿਦੇਸ਼ਾਂ ਵਿਚ ਅਤੇ ਭਾਰਤ ਦੀਆਂ ਵੱਖ ਵੱਖ ਉੱਘੀਆਂ ਸਟੇਜਾਂ ਤੇ ਕਾਰਜ ਕਰ ਰਹੇ ਹਨ । ਇਸ ਵਿਚ ਲਗਾਤਰ ਸੈਮੀਨਾਰਾਂ ਦਾ ਸਿਲ-ਸਲਾ ਚਲਾਇਆ ਜਾਂਦਾ ਹੈ ਅਤੇ ਪ੍ਰਸਿੱਧ ਵਿਦਵਾਨ ਵੱਖ ਵੱਖ ਵਿਸ਼ਿਆਂ ਤੇ ਸੰਬੋਧਨ ਕਰਦੇ ਹਨ । ਸਿੱਖ ਇਕ ਕੌਮ ਹੈ । ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 300 ਸਾਲਾ ਸਥਾਪਨਾ ਦਿਵਸ ਸ੍ਰੀ ਅੰਮ੍ਰਿਤਸਰ ਸਾਹਿਬ ਦਾ 400 ਸਾਲਾ ਸਥਾਪਨਾ ਦਿਵਸ ਵਿਸ਼ੇਸ਼ ਪੱਧਰ ਤੇ ਵੱਖ ਵੱਖ ਸ਼ਹਿਰਾਂ ਵਿਚ ਬਹੁਤ ਵੱਡੀ ਪੱਧਰ ਤੇ ਮਨਾਏ ਗਏ । ਧਰਮ ਪ੍ਰਚਾਰ ਕਮੇਟੀ ਵਲੋਂ ਜਿਥੇ ਵੱਖ ਵੱਖ ਨਗਰਾਂ, ਕਸਬਿਆਂ, ਪਿੰਡਾਂ ਅਤੇ ਸ਼ਹਿਰਾਂ ਵਿਚ ਧਰਮ ਦਾ ਪ੍ਰਚਾਰ ਕੀਤਾ ਜਾਂਦਾ ਹੈ ਉਥੇ ਅੰਮ੍ਰਿਤ ਸੰਚਾਰ ਦੀ ਲਹਿਰ ਵੀ ਚਲਾਈ ਜਾਂਦੀ ਹੈ । ਆਸਾਮ ਤੋਂ ਲੈ ਕੇ ਮੀਜ਼ੋਰਾਮ, ਨਾਗਾਲੈਂਡ, ਬੰਬਈ, ਅਹਿਮਦਾਬਾਦ ਅਤੇ ਧੁਰ ਦੱਖਣ ਵਿਚ ਹਜ਼ੂਰ ਸਾਹਿਬ, ਔਰੰਗਾਬਾਦ ਅਤੇ ਉੱਤਰ ਵਿਚ ਕੁਲੂ ਮਨਾਲੀ ਤੱਕ ਧਰਮ ਪ੍ਰਚਾਰ ਕਮੇਟੀ ਨੇ ਆਪਣੇ ਨਿਮਾਣੇ ਯਤਨਾਂ

ਨਾਲ ਨਿਰੰਤਰ ਸੇਵਾ ਕੀਤੀ ਹੈ ਅਤੇ ਕਰ ਰਹੀ ਹੈ। ਇਨ੍ਹਾਂ ਸਮੂਹ ਕਾਰਜਾਂ ਤੋਂ ਇਲਾਵਾ ਪਿਛਲੇ ਅਰਸੇ ਵਿਚ ਇਸ ਦੇ ਪ੍ਰਬੰਧਕਾਂ ਨੇ ਇਹ ਮਹਿਸੂਸ ਕੀਤਾ ਕਿ ਕੌਮ ਦਾ ਧੁਰਾ ਇਸ ਦੇ ਉਹ ਮਹਾਨ ਵਿਦਵਾਨ ਹਨ ਜੋ ਬੀਤੇ ਹੋਏ ਕੱਲ੍ਹ ਨੂੰ ਦਿਨ ਅਤੇ ਰਾਤ ਖੋਜ ਕਰਨ ਤੋਂ ਬਾਅਦ ਕਾਗਜ਼ ਦੀ ਹਿੱਕ ਤੇ ਅੰਕਿਤ ਕਰ ਜਾਂਦੇ ਹਨ। ਉਹਨਾਂ ਦੀ ਇਸ ਮਹਾਨ ਦੇਣ ਨੂੰ ਕਿਸੇ ਸਨਮਾਨ ਜਾਂ ਸਤਿਕਾਰ ਦੀ ਕਈ ਲੋੜ ਨਹੀਂ ਅਤੇ ਨਾ ਹੀ ਉਹ ਕਿਸੇ ਅਜਿਹੇ ਸਨਮਾਨ ਦੇ ਮੁਥਾਜ ਹੁੰਦੇ ਹਨ। ਸਿਰੜੀ ਵਿਦਵਾਨ ਇਹ ਕਾਰਜ ਕੇਵਲ ਤੇ ਕੇਵਲ ਆਪਣੀ ਕੌਮ ਦ ਸੁਨਹਿਰੇ ਭਵਿੱਖ ਲਈ ਇਸ ਲਈ ਕਰਦੇ ਹਨ ਕਿ ਵਰਤਮਾਨ ਪਨੀਰੀ ਬੀਤੇ ਹੋਏ ਕੱਲ੍ਹ ਨੂੰ ਆਧਾਰ ਬਣਾ ਕੇ ਸੁਨਹਿਰੀ ਭਵਿੱਖ ਸਿਰਜ ਸਕੇ। ਜਦ ਕੋਈ ਵਿਦਵਾਨ ਕਿਸੇ ਕੌਮ ਦੇ ਇਤਿਹਾਸਕ ਪੰਨਿਆਂ ਨੂੰ ਆਪਣੀ ਜ਼ਿੰਦਗੀ ਵਿਚੋਂ ਜੀਉਂਦੇ ਵੇਖਦਾ ਹੈ ਤਾਂ ਉਹ ਆਪਣੀ ਨਿਜੀ ਜਾਤ ਧਰਮ ਤੋਂ ਉਪਰ ਉਠ ਖਲੋਂਦਾ ਹੈ। ਇਸ ਲਈ ਅਸੀਂ ਵੇਖਦੇ ਹਾਂ ਕਿ ਮੈਕਾਲਫ, ਮੈਲਕਮ, ਇੰਦੂ ਭੂਸ਼ਣ, ਬੈਨਰਜੀ ਅਤੇ ਡਾਕਟਰ ਹਰੀ ਰਾਮ ਗੁਪਤਾ ਵਰਗੇ ਅਜਿਹੇ ਇਤਿਹਾਸਕਾਰ ਵੀ ਹਨ ਜਿਨ੍ਹਾਂ ਨੇ ਆਪਣੇ ਜੀਵਨ ਦਾ ਅਹਿਮ ਸਮਾਂ ਇਸ ਖੇਤਰ ਵਿਚ ਲਾਇਆ ਹੈ, ਅਜਿਹੇ ਵਿਦਵਾਨਾਂ ਨੂੰ ਜਿਨ੍ਹਾਂ ਨੇ ਸਤਿਗੁਰੂ ਦੀ ਬਾਣੀ ਉਨ੍ਹਾਂ ਵਿਅਕਤੀਆਂ ਲਈ ਉਨ੍ਹਾਂ ਦੀ ਭਾਸ਼ਾ ਵਿਚ ਰਚੀ ਜੋ ਉਂਗਲਾਂ ਨਾਲ ਛੂਹ ਕੇ ਅੱਖਰਾਂ ਦੀ ਪਹਿਚਾਣ ਕਰਦੇ ਹਨ, ਉਹ ਕੋਈ ਸਿੱਖ ਨਹੀਂ ਸਨ ਪਰ ਬਰੇਲ ਲਿਪੀ ਵਿਚ ਲਿਖਦਿਆਂ ਲਿਖਦਿਆਂ ਕੰਵਰ ਸਿੰਘ ਨੇਗੀ ਵਰਗੇ ਆਪਣੇ ਆਪ ਸਿੱਖ ਬਣ ਗਏ। ਇਸੇ ਲਈ ਧਰਮ ਪ੍ਰਚਾਰ ਕਮੇਟੀ ਚੀਫ ਖਾਲਸਾ ਦੀਵਾਨ ਨੇ ਇਹ ਮਹਿਸੂਸ ਕੀਤਾ ਕਿ ਅਜਿਹੇ ਵਿਅਕਤੀਆਂ ਦੀ ਮਾਨਸਿਕ ਅਤੇ ਜਜ਼ਬਾਤੀ ਸਾਂਝ ਉਨ੍ਹਾਂ ਵਿਅਕਤੀਆਂ ਨਾਲ ਹੋਣੀ ਚਾਹੀਦੀ ਹੈ ਜਿਨ੍ਹਾਂ ਲਈ ਇਨ੍ਹਾਂ ਨੇ ਅਜਿਹੇ ਅਦੁੱਤੀ ਕਾਰਜ ਨੂੰ ਆਰੰਭਿਆ ਹੈ।

ਇਸੇ ਲਈ ਆਰੰਭ ਵਿਚ ਡਾਕਟਰ ਹਰੀ ਰਾਮ ਗੁਪਤਾ, ਪ੍ਰੋ. ਐਨ. ਡੀ. ਅਹੂਜਾ, ਕੰਵਰ ਸਿੰਘ ਨੇਗੀ ਵਰਗੇ ਵਿਦਵਾਨਾਂ ਨੂੰ ਸਨਮਾਨਤ ਕਰਨਾ ਆਪਣਾ ਫਰਜ਼ ਸਮਝਿਆ। ਮੈਂ ਇਥੇ ਇਹ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਸਾਡੇ ਵਲੋਂ ਦਿਤਾ ਗਿਆ ਸਨਮਾਨ ਭਾਵੇਂ ਆਰਥਕ ਪੱਧਰ ਉਤੇ ਕੁਝ ਵੀ ਨਹੀਂ ਪਰ ਸਾਡਾ ਇਹ ਯਤਨ ਉਨ੍ਹਾਂ ਜਥੇਬੰਦੀਆਂ ਨੂੰ ਜਿਨ੍ਹਾਂ ਪਾਸ ਆਰਥਕ ਸਾਧਨਾਂ ਦੀ ਕੋਈ ਘਾਟ ਨਹੀਂ, ਆਪਣੇ ਫਰਜ਼ ਵੱਲ ਸੁਚੇਤ ਜ਼ਰੂਰ ਕਰਦਾ ਹੈ। ਉਮਰ ਭਰ ਲਈ ਇਨ੍ਹਾਂ ਵਿਦਵਾਨਾਂ ਨੂੰ ਆਰਥਕ ਪੱਖ ਤੋਂ ਵੇਹਲਿਆਂ ਕਰਕੇ ਕੇਵਲ ਤੇ ਕੇਵਲ ਇਸ ਕਾਰਜ ਲਈ ਜੁਟਾਣਾ ਸਮੁੱਚੀ ਕੌਮ ਦਾ ਫਰਜ਼ ਹੈ। ਜਦ ਕੌਮਾਂ ਆਪਣੇ ਇਸ ਵਿਰਸੇ ਨਾਲੋਂ ਟੁੱਟ ਜਾਂਦੀਆਂ ਹਨ ਤਾਂ ਉਹ ਸਰਵ ਸ਼ਕਤੀਮਾਨ ਉਨ੍ਹਾਂ ਨੂੰ ਕਦੇ ਵੀ ਮਾਫ ਨਹੀਂ ਕਰਦਾ। ਧਰਮ ਕੇਵਲ ਤੇ ਕੇਵਲ ਰੀਤੀ ਰਿਵਾਜਾਂ, ਕਰਮਾਂ ਦਾ ਅਨੁਆਈ ਨਹੀਂ ਬਲਕਿ ਇਹ ਤਾਂ

ਸਮਰੱਥ ਕੌਮ ਨੂੰ ਇਕ ਚੰਗੇਰਾ ਮਾਨਵ ਜੀਵਨ ਜੀਉਣ ਲਈ ਸੇਧ ਦੇਂਦਾ ਹੈ ਪਰ ਇਹ ਸਭ ਕੁਝ ਜੋ ਪ੍ਰੇਰਣਾ ਦਾ ਸਰੋਤ ਬਣਦਾ ਹੈ, ਇਤਿਹਾਸ ਪੁਰਾਤਨ ਸਹਿਤ ਅਤੇ ਉਸਦੇ ਅਧਾਰ ਤੇ ਰਚਿਆ ਗਿਆ ਸਹਿਤ ਹੀ ਵਰਤਮਾਨ ਸਮੇਂ ਸਮਝਾ ਸਕਦਾ ਹੈ, ਜਿਨ੍ਹਾਂ ਨੇ ਇਸ ਖੇਤਰ ਵਿਚ ਅਹਿਮ ਯੋਗਦਾਨ ਪਾਇਆ ਹੈ। ਅਸੀਂ ਆਪਣਾ ਫਰਜ਼ ਮਹਿਸੂਸ ਕੀਤਾ ਹੈ ਕਿ ਸੰਗਤ ਨਾਲ, ਜਨ ਸਾਧਾਰਨ ਨਾਲ, ਉਨ੍ਹਾਂ ਦਾ ਇਨ੍ਹਾਂ ਸਨਮਾਨਾਂ ਰਾਹੀਂ ਅਤੁੱਟ ਸੰਬੰਧ ਬਣੇ। ਡਾਕਟਰ ਗੰਡਾ ਸਿੰਘ, ਪ੍ਰਿੰਸੀਪਲ ਸਤਿਬੀਰ ਸਿੰਘ, ਪ੍ਰੋ. ਮਹਿੰਗਾ ਸਿੰਘ, ਪ੍ਰਿੰ: ਸੁਰਜੀਤ ਸਿੰਘ ਭਾਟੀਆ, ਪ੍ਰਿੰ ਐਚ. ਐਸ. ਅਮੋਲ, ਪ੍ਰਿੰ: ਸੁਰਜੀਤ ਸਿੰਘ ਗਾਂਧੀ, ਭਾਈ ਜੋਧ ਸਿੰਘ ਵਰਗੇ ਵਿਦਵਾਨਾਂ ਨੂੰ ਵੱਖ ਵੱਖ ਅਸਥਾਨਾਂ ਤੇ ਹੋਏ ਸਮਾਗਮਾਂ ਵਿਚ ਸਨ-ਮਾਨਤ ਕੀਤਾ।

ਕੀਰਤਨ ਅਤੇ ਢਾਡੀ ਪ੍ਰਥਾ ਕੌਮ ਦੇ ਆਤਮਕ ਅਤੇ ਸਰੀਰਕ ਜੁਸੇ ਲਈ ਇਕ ਖੁਰਾਕ ਦੀ ਅਨੁਆਈ ਹੈ ਅਤੇ ਇਸ ਦੇ ਸੰਭਾਲਣ ਵਾਲਿਆਂ ਨੂੰ ਸਤਿਕਾਰ ਅਤੇ ਸਨਮਾਨ ਦੇਣਾ ਇਸ ਲਈ ਜ਼ਰੂਰੀ ਹੈ ਕਿ ਸੰਗੀਤ ਦੀ ਹਲਕੀ ਫੁਲਕੀ ਪ੍ਰਥਾ ਨੇ ਕੰਨ ਰਸ ਨੂੰ ਪ੍ਰਫੁਲਤ ਕੀਤਾ। ਗੁਰਬਾਣੀ ਆਤਮਕ ਖੁਰਾਕ ਹੈ। ਸਾਡਾ ਇਤਿਹਾਸ ਸਾਨੂੰ ਇਹ ਦੱਸਦਾ ਹੈ ਕਿ ਮਨੁੱਖੀ ਮਨਾਂ ਦੀ ਤਬਦੀਲੀ, ਡਰ, ਭੈਅ ਦੇ ਵਾਤਾਵਰਨ ਨਾਲੋਂ ਉਸ ਅਲਾਹੀ ਸ਼ਬਦ ਅਤੇ ਸੰਗੀਤ ਨਾਲ ਜਲਦੀ ਕੀਤੀ ਜਾ ਸਕਦੀ ਹੈ ਅਤੇ ਇਹ ਖੇਡ ਕੇਵਲ ਪਲਾਂ ਵਿਚ ਹੀ ਵਾਪਰ ਜਾਂਦੀ ਹੈ। ਮਾਨਸ ਖਾਣ ਵਾਲੇ ਅਤੇ ਇਸ ਦੀ ਰੱਤ ਪੀਣ ਵਾਲੇ ਕੌਡੇ ਰਾਕਸ਼ ਨੂੰ ਸਤਿਗੁਰੂ ਹਜ਼ੂਰ ਨੇ ਕੋਈ ਵਿਖਿਆਨ ਨਹੀਂ ਸਨ ਦਿੱਤੇ ਅਤੇ ਨਾ ਹੀ ਸੱਜਣ ਠੱਗ ਵਰਗੇ ਵਿਅਕਤੀ ਨੂੰ ਸਿੱਧਾ ਪ੍ਰਕਰਮ ਕਰਨ ਤੋਂ ਰੋਕਿਆ। ਉਨ੍ਹਾਂ ਤਾਂ ਅਲਾਹੀ ਰੰਗਣ ਵਿਚ ਉਸ ਦਾਤੇ ਨਾਲ ਸੁਰ ਮਿਲਾਈ ਅਤੇ ਭਾਈ ਮਰਦਾਨੇ ਨੇ ਫਿਰ ਰਬਾਬ ਦੀਆਂ ਸੁਰਾਂ ਨੂੰ ਛੇੜਿਆ। ਜਦੋਂ ਉਸ ਸ਼ਬਦ ਨੇ ਉਸ ਅਲਾਹੀ ਸੰਦੇਸ਼ ਨਾਲ ਸੰਗੀਤ ਤੇ ਸਵਾਰ ਹੋ ਕੇ ਉਸ ਮਨੁੱਖ ਦੇ ਮਨ ਅੰਦਰ ਪ੍ਰਵੇਸ਼ ਕੀਤਾ ਤਾਂ ਪਲਾਂ ਵਿਚ ਹੀ ਉਹ ਵਿਅਕਤੀ ਸੱਚ ਤੇ ਗਿਆਨ ਨੂੰ ਪ੍ਰਾਪਤ ਹੋ ਗਿਆ। ਅੰਦਾਜ਼ਾ ਲਾਉ ਭਾਈ ਮਰਦਾਨੇ ਦੇ ਰਬਾਬ ਅੰਦਰ ਕਿਤਨੀ ਤਾਕਤ ਹੋਵੇਗੀ ਜਿਸ ਨੇ ਗੁਰੂ ਦੇ ਸ਼ਬਦ ਨਾਲ ਮਾਨਵ ਨੂੰ ਸਮੁੱਚਾ ਹੀ ਤਬਦੀਲ ਕਰ ਦਿੱਤਾ। ਅੱਜ ਵੀ ਉਹੀ ਬਾਣੀ, ਹੈ ਉਹੀ ਸ਼ਬਦ ਹਨ। ਜੇ ਬਾਣੀ ਦਾ ਸਾਡੇ ਮਨਾਂ ਤੇ ਉਹ ਪ੍ਰਭਾਵ ਨਹੀਂ ਤਾਂ ਸਮਝੋ ਕਿਧਰੇ ਕੋਈ ਉਸ ਸ਼ਬਦ ਨੂੰ ਸੁਰ ਨਾਲ ਮਿਲਾਉਣ ਵਾਲੇ ਅੰਦਰ ਨੁਕਸ ਹੈ। ਵਰਨਾ ਸਾਡੀਆਂ ਕੌਡੇ ਰਾਕਸ਼ ਅਤੇ ਸੱਜਣ ਠੱਗ ਦੀਆਂ ਬਿਰਤੀਆਂ ਨੂੰ ਕੀਰਤਨ ਤਬਦੀਲ ਨਾ ਕਰ ਸਕੇ, ਇਹ ਇਕ ਅਸੰਭਵ ਸ਼ਬਦ ਲੱਗਦਾ ਹੈ। ਖੈਰ ਇਹ ਇਕ ਵੱਖਰਾ ਵਿਸ਼ਾ ਹੈ ਜੋ ਨਿਰੋਲ ਬਹੁਤ ਸਮੇਂ ਦੀ ਮੰਗ ਕਰਦਾ ਹੈ। ਅਸੀਂ ਇਹ ਵਰਤਮਾਨ ਨੂੰ ਗੁਰੂ ਘਰ ਦੀ ਇਹ ਬਖਸ਼ਿਸ਼ ਪ੍ਰਸਤੁੱਤ ਕਰਨ ਦਾ ਮਾਨ ਪ੍ਰਾਪਤ

ਕਰ ਰਹੇ ਹਾਂ ਜਿਨ੍ਹਾਂ ਵਿਚ ਵੱਖ ਵੱਖ ਅਸਥਾਨਾਂ ਤੇ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ, ਡਾਕਟਰ ਜਾਗੀਰ ਸਿੰਘ ਚੰਡੀਗੜ੍ਹ, ਭਾਈ ਹਰੀ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸ਼ਮਸ਼ੇਰ ਸਿੰਘ ਜੀ ਭਰਾਤਾ ਭਾਈ ਸੰਤਾ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਗੁਰਮੇਜ ਸਿੰਘ, ਇਨ੍ਹਾਂ ਨੂੰ ਦਿੱਤੇ ਜਾਣ ਵਾਲੇ ਸਨਮਾਨ ਉਹਨਾਂ ਮਹਾਨ ਰਾਗੀਆਂ ਦੇ ਨਾਂ ਤੇ ਹਨ ਜਿਨ੍ਹਾਂ ਦਾ ਜੀਵਨ ਆਪਣੇ ਆਪ ਵਿਚ ਇਕ ਚਾਨਣ ਮੁਨਾਰਾ ਹੈ ਅਤੇ ਉਹਨਾਂ ਦੀਆਂ ਦਿੱਤੀਆਂ ਦੇਣਾ ਅਭੁੱਲ ਹਨ। ਭਾਈ ਮਰਦਾਨਾ ਜੀ, ਭਾਈ ਸੰਤਾ ਸਿੰਘ ਜੀ ਕੀਰਤਨ ਦੇ ਖੇਤਰ ਵਿਚ ਅਜਿਹੇ ਨਾਂ ਹਨ ਜਿਹੜੇ ਹਮੇਸ਼ਾਂ ਯਾਦ ਰਹਿਣਗੇ।

ਸਨਮਾਨਾਂ ਦੀ ਇਹ ਪ੍ਰਥਾ ਸਿੱਖ ਸਭਿਆਚਾਰ ਦੇ ਉਨ੍ਹਾਂ ਖੇਤਰਾਂ ਤੱਕ ਵੀ ਅਸੀਂ ਲਿਜਾਉਣ ਦਾ ਯਤਨ ਕੀਤਾ ਹੈ, ਜਿਹੜੇ ਕੋਮਲ ਹੁਨਰ ਕਲਾ ਦੇ ਖੇਤਰ ਵਿਚ ਆਪ ਹੁਣ ਅਹਿਮ ਯੋਗਦਾਨ ਪਾ ਗਏ ਹਨ। ਚਿੱਤਰਕਾਰੀ, ਨਕਾਸ਼ੀ ਜਿਸ ਦਾ ਨਮੂਨਾ ਸ੍ਰੀ ਹਰਿਮੰਦਰ ਸਾਹਿਬ ਜੀ ਦੀਆਂ ਕੰਧਾਂ ਤੇ ਅੰਕਿਤ ਹੈ, ਆਪਣੇ ਆਪ ਵਿਚ ਸੰਪੂਰਨ ਵਿਸ਼ਾ ਹੈ। ਸਰਦਾਰ ਗਿਆਨ ਸਿੰਘ ਜੀ ਨਕਾਸ਼ ਨੇ ਇਸ ਖੇਤਰ ਵਿਚ ਆਪਣਾ ਜੀਵਨ ਸਮਰਪਿਤ ਕੀਤਾ ਅਤੇ ਉਨ੍ਹਾਂ ਦੀ ਯਾਦ ਵਿਚ ਅਸੀਂ ਭਾਈ ਗਿਆਨ ਸਿੰਘ ਨਕਾਸ਼ ਸ਼੍ਰੋਮਣੀ ਚਿੱਤਰਕਾਰ ਅਵਾਰਡ ਵੀ ਅਰੰਭ ਕੀਤਾ ਹੈ ਜੋ ਪਿਛਲੇ ਸਾਲ ਸ੍ਰ: ਜੀ. ਐਸ. ਸੋਹਣ ਸਿੰਘ ਜੀ ਨੂੰ ਦਿੱਤਾ ਗਿਆ। ਇਹ ਖੇਤਰ ਚਾਹੇ ਉਹ ਕਲਾ ਦਾ ਹੈ, ਚਾਹੇ ਉਹ ਬੀਰ ਰਸੀ ਦੀ ਢਾਡੀ ਵਾਰਾਂ ਦਾ ਹੋਵੇ ਜਾਂ ਇਤਿਹਾਸ ਦਾ, ਕੌਮ ਦੀ ਪ੍ਰਗਤੀ, ਵਿਕਾਸ ਅਤੇ ਉਸ ਦੇ ਸੁਨਹਿਰੇ ਭਵਿੱਖ ਦੇ ਲਈ ਇਕ ਅਹਿਮ ਅਸਥਾਨ ਰੱਖਦਾ ਹੈ। ਸਾਡੇ ਪਾਸ ਅਜਿਹੇ ਸਾਧਨ ਨਹੀਂ ਹਨ। ਇਹ ਵੀ ਅਸੀਂ ਆਪਣੇ ਸੀਮਤ ਦਾਇਰਿਆਂ ਵਿਚ ਹੁੰਦਿਆਂ ਹੋਇਆਂ ਸੰਗਤਾਂ ਦੇ ਸਹਿਯੋਗ ਨਾਲ ਇਕ ਮਹਾਨ ਆਸ਼ੇ ਦਾ ਇਹ ਉਦਮ ਆਰੰਭਿਆ ਹੈ। ਇਸ ਪਿੱਛੇ ਅਜਿਹਾ ਪ੍ਰਯੋਜਨ ਹੈ ਕਿ ਅਜਿਹੀਆਂ ਸ਼ਖਸੀਅਤਾਂ ਨੂੰ ਉਭਾਰਿਆ ਜਾਵੇ ਜਿਨ੍ਹਾਂ ਦਾ ਇਨ੍ਹਾਂ ਵੱਖ ਵੱਖ ਖੇਤਰਾਂ ਵਿਚ ਕੀਤਾ ਹੋਇਆ ਕਾਰਜ ਇਕ ਮਾਰਗ ਬਣ ਸਕਦਾ ਹੈ। ਅਗਰ ਸਾਰੀਆਂ ਸੰਸਥਾਵਾਂ ਮਿਲ ਕੇ ਇਸ ਉਦਮ ਨੂੰ ਵਿਸ਼ਾਲ ਪੱਧਰ ਤੇ ਆਯੋਜਿਤ ਕਰਨ ਦਾ ਉਪਰਾਲਾ ਕਰ ਸਕਣ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡਾ ਇਹ ਅਰੰਭ ਕੀਤਾ ਗਿਆ ਯਤਨ ਕੇਵਲ ਪ੍ਰਾਈਜ਼ ਵਾਂਗ ਕਿਸੇ ਵਿਸ਼ੇਸ਼ ਪੱਧਰ ਤੇ ਪਹੁੰਚ ਸਕੇ। ਜੇਕਰ ਅਜਿਹੀਆਂ ਸਖਸੀਅਤਾਂ ਨੂੰ ਕੌਮ ਆਪਣੇ ਮੱਥੇ ਤੇ ਪ੍ਰਵਾਨ ਕਰਦੀ ਹੈ ਤਾਂ ਨਿਰ-ਸੰਦੇਹ ਇਹ ਸ਼ਖਸੀਅਤਾਂ ਆਪਣਾ ਜੀਵਨ ਕੌਮ ਨੂੰ ਸਮਰਪਿਤ ਕਰਨ ਤੋਂ ਕੰਨੀ ਨਹੀਂ ਕਤਰਾਉਣਗੀਆਂ। ਸਾਡਾ ਪੁਰਾਤਨ ਵਿਰਸਾ ਮਹਾਨ ਹੈ। ਜਿਵੇਂ ਅੱਜ ਤੰਤੀ ਸਾਜ਼ਾਂ ਅਤੇ ਕਲਾਸੀਕਲ ਕੀਰਤਨ ਦੀ ਪਰੰਪਰਾ ਨੂੰ ਕੁਝ ਕੁ ਗੁਰੂ ਦੇ ਰਾਗੀਆਂ ਨੇ ਸਠੇ ਪਹੁੰਚਾਈ ਹੈ, ਜੇਕਰ ਪੰਥ ਦੇ ਸਿਰਮੌਰ ਰਾਗੀ ਯਤਨ ਕਰਨ

ਤਾਂ ਮਨਾਂ ਨੂੰ ਤਬਦੀਲ ਕਰ ਸਕਣਾ ਕੋਈ ਔਖਾ ਨਹੀਂ। ਚੀਫ ਖਾਲਸਾ ਦੀਵਾਨ ਇਸ ਵਿਚ ਉਨ੍ਹਾਂ ਦੀ ਕਲਮ ਦੁਆਰਾ ਲਿਖੀਆਂ ਗਈਆਂ ਬੰਦਸ਼ਾਂ ਪੁਰਾਤਨ ਰੀਤਾਂ ਨੂੰ ਸਿੱਖ ਸੰਗਤ ਤੱਕ ਪਹੁੰਚਾਣ ਦੀ ਜ਼ਿਮੇਵਾਰੀ ਆਪਣੇ ਸਿਰ ਲਵੇਗਾ। ਵਰਤ-ਮਾਨ ਸਮੇਂ ਵਿਚ ਸੰਤ ਸੁੱਚਾ ਸਿੰਘ ਜੀ ਨੇ ਇਸ ਖੇਤਰ ਵੱਲ ਜੋ ਮੁਹਾਰਾਂ ਮੋੜੀਆਂ ਹਨ ਇਸ ਨਾਲ ਆਸ ਦੀ ਕਿਰਨ ਹੋਰ ਚਮਕੀ ਹੈ ਅਤੇ ਆਸ ਬੱਝੀ ਹੈ ਕਿ ਗੁਰੂ ਕੇ ਰਾਗੀ ਹੁਣ ਆਪਣੇ ਵਿਰਸੇ ਵਲ ਆਕਰਸ਼ਤ ਹੋਣਗੇ।

ਅਸੀਂ ਉਨ੍ਹਾਂ ਸਮੂਹ ਗੁਰੂ ਅਸਥਾਨਾਂ ਅਤੇ ਉਨ੍ਹਾਂ ਦੇ ਪ੍ਰਬੰਧਕਾਂ ਦੇ ਹਮੇਸ਼ਾਂ ਹੀ ਤਹਿ ਦਿਲੋਂ ਰਿਣੀ ਰਹੇ ਹਾਂ, ਜਿਨ੍ਹਾਂ ਨੇ ਸਾਡੇ ਇਸ ਯਤਨ ਨੂੰ ਹੌਂਸਲਾ ਦਿੱਤਾ। ਸਾਨੂੰ ਖੁਸ਼ੀ ਹੈ ਇਨ੍ਹਾਂ ਸੰਸਥਾਵਾਂ ਨੇ ਆਪਣਾ ਫਰਜ਼ ਮਹਿਸੂਸ ਕੀਤਾ ਅਤੇ ਇਸ ਸਮਾਗਮ ਨੂੰ ਸਫਲ ਕਾਰਜ ਹਿੱਤ ਉਤਸ਼ਾਹ ਦਿਵਾਇਆ। ਮੈਂ ਵਿਸ਼ੇਸ਼ ਤੌਰ ਤੇ ਇਸ ਅਸਥਾਨ ਦੇ ਪ੍ਰਧਾਨ ਸਰਦਾਰ ਗੁਰਪ੍ਰਤਾਪ ਸਿੰਘ ਜੀ ਰਿਆੜ ਅਤੇ ਸਮੂਹ ਸੰਗਤ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੇ ਯਤਨਾਂ ਸਦਕਾ ਅਸੀਂ ਕਾਰਜ ਕਰ ਰਹੇ ਹਾਂ। ਮੈਨੂੰ ਆਸ ਹੈ ਕਿ ਅੱਗੇ ਤੋਂ ਵੀ ਇਹ ਸਾਨੂੰ ਹੌਂਸਲਾ ਦਿੰਦੇ ਰਹਿਣਗੇ।

# ਸਨਮਾਨ ਪ੍ਰਾਪਤ ਕਰਤਾਵਾਂ ਦੇ ਸੰਖੇਪ ਜੀਵਨ ਬਿਉਰੇ

## ਕੈਪਟਨ ਭਾਗ ਸਿੰਘ ਜੀ ਨੂੰ
## ਭਾਈ ਸਾਹਿਬ ਭਾਈ ਗੁਰਦਾਸ ਜੀ ਐਵਾਰਡ

ਇਹ ਸਨਮਾਨ ਪੱਤਰ ਕੈਪਟਨ ਭਾਗ ਸਿੰਘ ਜੀ ਨੂੰ ਉਹਨਾਂ ਦੀਆਂ ਸੇਵਾਵਾਂ ਲਈ 3 ਨਵੰਬਰ 1991 ਨੂੰ, ਗੁਰਦੁਆਰਾ ਗੁਰੂ ਤੇਗ ਬਹਾਦਰ, 15-ਸੀ, ਚੰਡੀਗੜ੍ਹ ਵਿਖੇ ਹੋਏ ਇਸ ਵਿਸ਼ੇਸ਼ ਸਮਾਗਮ ਵਿਚ ਭੇਟ ਕੀਤਾ ਜਾ ਰਿਹਾ ਹੈ। ਕਿਸੇ ਕੌਮ ਦਾ ਸਰਮਾਇਆ ਉਸ ਕੌਮ ਦੇ ਵਿਦਵਾਨ ਅਤੇ ਪ੍ਰਚਾਰਕ ਹੁੰਦੇ ਹਨ ਜੋ ਕੌਮ ਦੀ ਅਨਮੋਲ ਪਨੀਰੀ ਨੂੰ ਪੁਰਾਤਨ ਵਿਰਸੇ ਨਾਲ ਜੋੜਨ ਦਾ ਯਤਨ ਕਰਦੇ ਹਨ। ਜਦ ਇਹ ਸਰਮਾਇਆ ਕੇਵਲ ਸੀਮਤ ਹੋ ਕੇ ਰਹਿ ਜਾਵੇ ਤਾਂ ਆਉਣ ਵਾਲੇ ਸਮੇਂ ਵਿਚ ਇਸ ਦੀ ਹੋਂਦ ਇਕ ਕਾਲਪਨਿਕ ਰੂਪ ਧਾਰਨ ਕਰ ਸਕਦੀ ਹੈਂ।

ਅੱਜ ਦੇ ਵਰਤਮਾਨ ਯੁਗ ਵਿਚ ਸੰਚਾਰ ਇਕ ਅਜਿਹਾ ਮਾਧਿਅਮ ਹੈ ਜੋ ਕਿਸੇ ਕੌਮ ਦੇ ਅਨਮੋਲ ਖਜ਼ਾਨੇ ਨੂੰ ਲੋਕਾਂ ਦੇ ਹਿਰਦਿਆਂ ਤੱਕ ਪਹੁੰਚਾਣ ਵਿਚ ਸਹਾਈ ਹੋ ਸਕਦਾ ਹੈ। ਸਿੱਖ ਫਲਸਫੇ ਦੇ ਇਸ ਖੇਤਰ ਵਿਚ ਹੁਣ ਤੱਕ ਲਗਪਗ ਅਣਹੋਂਦ ਹੀ ਰਹੀ ਹੈ। ਜਥੇਬੰਧਕ ਤੌਰ ਤੇ ਅਜੇ ਤੱਕ ਇਸ ਪ੍ਰਤੀ ਕੋਈ ਸੁਚੇਤ ਨਹੀਂ ਹੋ ਸਕਿਆ। ਨਿਜੀ ਸਾਧਨਾ ਤੇ ਨਿਰਭਰ ਕੁਝ ਸਖਸ਼ੀਅਤਾਂ ਨੇ ਇਸ ਖੇਤਰ ਵਿਚ ਯਤਨ ਕੀਤਾ ਹੈ ਅਤੇ ਸਤਿਗੁਰਾਂ ਦੀ ਮਹਾਨ ਫਿਲਾਸਫੀ ਨੂੰ ਗੁਜਰਾਤੀ, ਅਸਾਮੀ, ਉਰਦੂ ਵਿਚ ਉਲਥਾਉਣ ਦਾ ਕੰਮ ਕੀਤਾ। ਉਨ੍ਹਾਂ ਦੀ ਭਾਸ਼ਾ ਵਿਚ ਅਤੇ ਉਨ੍ਹਾਂ ਲੋਕਾਂ ਨੂੰ ਇਸ ਫਿਲਾਸਫੀ ਦੇ ਮਾਰਗ ਉਤੇ ਲਿਆਉਣਾ ਇਕ ਮਹਾਨ ਕਾਰਜ ਹੈ।

ਕੈਪਟਨ ਭਾਗ ਸਿੰਘ ਜੀ ਨੇ ਇਸ ਖੇਤਰ ਵਿਚ ਇਕ ਅੰਗਰੇਜ਼ੀ ਮਾਸਕ ਪੱਤਰ 'ਸਿੱਖ ਰੀਵਿਊ' ਬੰਗਾਲ ਦੇ ਹਿਰਦੇ ਵਿਚੋਂ ਪ੍ਰਕਾਸ਼ਤ ਕਰਕੇ 1953 ਤੋਂ ਸੰਸਾਰ ਦੇ ਕੋਨੇ ਕੋਨੇ ਵਿਚ ਪਹੁੰਚਾਇਆ ਅਤੇ ਇਸ ਸਮੇਂ ਵਿਚ ਹੀ ਗੁਰੂ ਨਾਨਕ ਨਿਕੇਤਨ ਦੀ ਸਥਾਪਨਾ ਇਕ ਅਜਿਹਾਂ ਉਦਮ ਸੀ, ਜਿਸ ਨਾਲ ਬੰਗਾਲੀ ਭਾਈ-ਚਾਰਾ ਵੀ ਸਿੱਖੀ ਦੇ ਸੰਪਰਕ ਵਿਚ ਆਇਆ ਜਿਸ ਵਿਚ ਗੁਰਬਾਣੀ ਦਾ ਗੂਹਜ ਅਤੇ ਕੀਰਤਨ ਦੀ ਸਿਖਲਾਈ ਰਾਹੀਂ ਆਪ ਨੇ ਸਿੱਖੀ ਦੀ ਸੇਵਾ ਕੀਤੀ।

ਆਪ ਦੇ ਜੀਵਨ ਦਾ ਆਦਰਸ਼ ਬੰਗਲਾ ਦੇਸ਼ ਦੇ ਗੁਰਦੁਆਰਿਆ ਦੀ ਕੀਤੀ ਸੇਵਾ ਤੋਂ ਪ੍ਰਤੱਖ ਮਿਲ ਜਾਂਦਾ ਹੈ, ਜਿਸ ਵਿਚ ਆਪ ਨੇ ਮਿਹਨਤ ਕਰਕੇ ਪੁਰਾਤਨ ਬੀੜਾਂ, ਤਸਵੀਰਾਂ ਅਤੇ ਇਤਿਹਾਸਕ ਖਰੜਿਆਂ ਦੀ ਭਾਲ, ਸੰਭਾਲ ਕੀਤੀ। ਸਿੱਖ ਗੁਰਦੁਆਰਾ ਮੈਨੇਜਮੈਂਟ ਬੋਰਡ, ਬੰਗਲਾ ਦੇਸ਼ ਦੇ ਜਨਰਲ ਸਕੱਤਰ ਵਜੋਂ ਸੇਵਾ ਕਰਦਿਆਂ ਸਿੱਖੀ ਦੀਆਂ ਮਰਯਾਦਾਵਾਂ ਨੂੰ ਜਿੱਥੇ ਕਾਇਮ ਰਖਿਆ, ਉਥੇ ਮੁਸਲਮਾਨ ਰਾਗੀਆਂ ਦੀ ਸਹਾਇਤਾਂ ਨਾਲ ਸਾਲਾਂ ਤੋਂ ਬੰਦ ਪਏ ਗੁਰਦੁਆਰਿਆਂ ਵਿਚ ਕੀਰਤਨ ਦੀ ਛਹਿਬਰ ਆਰੰਭ ਕੀਤੀ। ਆਪ ਦਾ ਪੂਰਵਕ ਜੀਵਨ ਵੀ ਸਿੱਖ ਦੇ ਆਸ਼ੇ ਨਾਲ ਮਾਣ ਮਤਾ ਹੈ। 30 ਸਾਲ ਦੀ ਆਰਮੀ ਸੇਵਾ ਵਿਚ ਆਪ ਨੇ ਐਮ ਬੀ.ਈ. ਦਾ ਉਹ ਸਨਮਾਨ ਪ੍ਰਾਪਤ ਕੀਤਾ ਜੋ ਪਹਿਲੇ ਸਿੱਖ ਹੀ ਨਹੀਂ ਸਗੋਂ ਪਹਿਲੇ ਭਾਰਤੀ ਨੂੰ ਮਿਲਿਆ। ਸਿੱਖਾਂ ਲਈ ਵਾਕਈ ਇਹ ਮਾਣ ਵਾਲੀ ਗੱਲ ਸੀ।

ਧਰਮ ਪ੍ਰਚਾਰ ਕਮੇਟੀ, ਚੀਫ ਖਾਲਸਾ ਦੀਵਾਨ ਵੱਲੋਂ ਆਪ ਜੀ ਦਾ ਇਹ ਸਨਮਾਨ ਕਰਦਿਆਂ ਅਸੀਂ ਖੁਸ਼ੀ ਮਹਿਸੂਸ ਕਰ ਰਹੇ ਹਾਂ।

## ਭਾਈ ਉਤਮ ਸਿੰਘ ਜੀ ਪਤੰਗ ਨੂੰ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਸ਼੍ਰੋਮਣੀ ਰਾਗੀ ਐਵਾਰਡ

ਕਿਸੇ ਕੌਮ ਦਾ ਸਰਮਾਇਆ ਉਸ ਕੌਮ ਦੇ ਵਿਦਵਾਨ ਅਤੇ ਪ੍ਰਚਾਰਕ ਹੁੰਦੇ ਹਨ ਜੋ ਕੌਮ ਦੀ ਅਨਮੋਲ ਪਨੀਰੀ ਨੂੰ ਪੁਰਾਤਨ ਵਿਰਸੇ ਨਾਲ ਜੋੜਨ ਦਾ ਯਤਨ ਕਰਦੇ ਹਨ। ਜਦ ਇਹ ਸਰਮਾਇਆ ਕੇਵਲ ਸੀਮਤ ਹੋਕੇ ਰਹਿ ਜਾਵੇ ਤਾਂ ਆਉਣ ਵਾਲੇ ਸਮੇਂ ਵਿਚ ਇਸ ਦੀ ਹੋਂਦ ਇਕ ਕਾਲਪਨਿਕ ਰੂਪ ਧਾਰਨ ਕਰ ਸਕਦੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਮੁੱਚਾ ਅਧਾਰ ਰਾਗਾਂ ਤੇ ਨਿਰਭਰ ਕਰਦਾ ਹੈ। ਇਸੇ ਲਈ ਪਾਤਸ਼ਾਹ ਨੇ ਆਰੰਭ ਵਿਚ ਹੀ ਉਹਨਾਂ ਪੁਰਾਤਨ ਧੁਨੀਆਂ ਦਾ ਜ਼ਿਕਰ ਵੀ ਕੀਤਾ ਹੈ ਜਿਸਦੇ ਅਧਾਰ ਤੇ ਉਸ ਰਾਗ ਨੂੰ ਗਾਇਨ ਕੀਤਾ ਜਾ ਸਕਦਾ ਹੈ।

ਭਾਈ ਉੱਤਮ ਸਿੰਘ ਜੀ ਪਤੰਗ ਦਾ ਜਨਮ ਮਾਤਾ ਸ੍ਰੀਮਤੀ ਠਾਕਰ ਕੌਰ ਦੀ ਕੁੱਖੋਂ ਅਤੇ ਸ. ਗੁਰਮੁੱਖ ਸਿੰਘ ਦੇ ਗ੍ਰਹਿ ਵਿਖੇ 10 ਜੁਲਾਈ 1928 ਨੂੰ

ਹੋਇਆ। ਆਪ ਨੇ ਸੰਗੀਤ ਦੀ ਵਿਦਿਆ ਉਸਤਾਦ ਪਿਆਰੇ ਖਾਂ (ਗੁਜਰਾਤ ਨਿਵਾਸੀ) ਅਤੇ ਗੁਰਮਤਿ ਸੰਗੀਤ ਦੀ ਵਿਦਿਆ ਆਪਣੇ ਪਿਤਾ ਭਾਈ ਗੁਰਮੁੱਖ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ। ਇਸ ਨੂੰ ਅਸੀਂ ਕੁਦਰਤ ਦੀ ਬਖਸ਼ਿਸ਼ ਹੀ ਕਹਿ ਸਕਦੇ ਹਾਂ ਕਿ ਪੀੜੀ ਦਰ ਪੀੜ੍ਹੀ ਇਸ ਖਾਨਦਾਨ ਪਾਸ ਸੰਗੀਤ ਦਾ ਇਹ ਵਿਰਸਾ ਤੁਰਿਆ ਆ ਰਿਹਾ ਹੈ। ਆਪ ਦੇ ਪਿਤਾ ਭਾਈ ਗੁਰਮੁੱਖ ਸਿੰਘ ਵੀ ਗੁਰਮਤਿ ਸੰਗੀਤ ਦੇ ਪ੍ਰਸਿੱਧ ਉਸਤਾਦਾ ਵਿਚੋਂ ਇਕ ਸਨ ਤੇ ਆਪ ਦੇ ਸਪੁੱਤਰ ਡਾਕਟਰ ਜਾਗੀਰ ਸਿੰਘ ਨੇ ਜਿਥੇ ਕਲਾਸੀਕਲ ਪਰੰਪਰਾ ਨੂੰ ਅਪਣਾਇਆ ਹੈ ਉਥੇ ਇਸੇ ਹੀ ਵਿਸ਼ੇ ਤੇ ਡਾਕਟਰ ਦੀ ਡਿਗਰੀ ਵੀ ਪ੍ਰਾਪਤ ਕੀਤੀ ਹੈ। ਆਪ ਟਕਸਾਲੀ ਪ੍ਰੰਪ੍ਰਾਗਤ ਕੀਰਤਨ ਨਿਰੰਤਰ ਆਪਣੀ ਹਸ਼ ਤੋਂ ਕਰਦੇ ਆ ਰਹੇ ਹਨ। ਆਪ ਪਾਸ ਕੀਰਤਨ ਬੰਦਸ਼ਾਂ ਦਾ ਖਜ਼ਾਨਾ ਹੈ, ਜ ਆਪ ਸੁਰ ਲਿਪੀ ਵਿਚ ਬੰਨ੍ਹ ਰਹੇ ਹਨ।

ਆਪਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ, ਮੰਜੀ ਸਾਹਿਬ ਅੰਬਾਲਾ, ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਚ ਹਜ਼ੂਰੀ ਰਾਗੀ ਦੇ ਤੌਰ ਤੇ ਕੀਰਤਨ ਦੀ ਸੇਵਾ ਨਿਭਾਈ ਹੈ ਤੇ ਇਸ ਸਮੇਂ ਵਿਚ ਆਪ ਨੂੰ ਅਨੇਕਾਂ ਸਭਾ ਸੋਸਾਇਟੀਆਂ ਨੇ ਸਨਮਾਨ ਤੇ ਸਤਿਕਾਰ ਦਿੱਤੇ ਹਨ। ਆਪ ਦਾ ਕਥਨ ਹੈ ਕਿ ਕੀਰਤਨ ਕਵਲ ਤੇ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਹੋਣਾ ਚਾਹੀਦਾ ਹੈ। ਇਹੀ ਕਥਨ ਹੈ ਕਿ ਆਪ ਟੀ.ਵੀ. ਤੇ ਸਟੂਡੀਓ ਵਿਚ ਕਦੇ ਵੀ ਕੀਰਤਨ ਕਰਨ ਨਹੀਂ ਗਏ। ਰੇਡੀਓ ਜਾਂ ਟੀ.ਵੀ. ਵਾਲੇ ਖੁਦ ਫਤਿਹਗੜ੍ਹ ਸਾਹਿਬ ਆ ਕੇ (ਜਿਥੇ ਆਪ ਸਰਵਿਸ ਕਰਦੇ ਹਨ) ਰੀਕਾਰਡਿੰਗ ਕਰਕੇ ਲੈ ਜਾਂਦੇ ਹਨ। ਕੀਰਤਨ ਦੀ ਅਸਲ ਵਿਚ ਮਰਯਾਦਾ ਸਤਿਗੁਰੂ ਦੀ ਹਜ਼ੂਰੀ ਵਿਚ ਹੀ ਨਿਭਾਈ ਜਾ ਸਕਦੀ ਹੈ। ਆਪ ਦੇ ਜੀਵਨ ਦਾ ਆਦਰਸ਼ ਕੇਵਲ ਤੇ ਕੇਵਲ ਕੀਰਤਨ ਹੀ ਹੈ। ਆਪ ਦਾ ਕਥਨ ਹੈ ਕਿ ਮੇਰੀ ਸਭ ਤੋਂ ਵੱਡੀ ਪ੍ਰਾਪਤੀ ਮੇਰੇ ਇਹ ਬੇਟੇ ਹਨ ਜਿਨ੍ਹਾਂ ਨੂੰ ਮੈਂ ਕੌਮ ਦੀ ਸੇਵਾ ਵਿਚ ਸਮਰਪਤ ਕੀਤਾ ਹੈ ਅਤੇ ਜਿਨ੍ਹਾਂ ਨੇ ਗੁਰੂ ਘਰ ਦੀਆਂ ਪ੍ਰੰਪਰਾਗਤ ਸ਼ੈਲੀਆਂ ਨੂੰ ਅੱਜ ਦੇ ਕੰਨ ਰਸ ਵਾਲੇ ਸਮੇਂ ਵਿਚ ਵੀ ਕਾਇਮ ਰੱਖਿਆ ਹੈ। ਜਲਦੀ ਹੀ ਆਪ ਬੰਦਸ਼ਾਂ ਦਾ ਇਕ ਸੰਗ੍ਰਹਿ ਕੌਮ ਨੂੰ ਸਮਰਪਤ ਕਰਨਗੇ। ਆਪ ਦੀਆਂ ਇਨ੍ਹਾਂ ਅਮੋਲਕ ਸੇਵਾਵਾਂ ਦਾ ਸਤਿਕਾਰ ਕਰਦਿਆਂ ਹੋਇਆਂ ਗੁਰੂ ਵੱਲੋਂ ਆਪ ਨੂੰ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਸ੍ਰੋਮਣੀ ਰਾਗੀ ਐਵਾਰਡ, 1100/- ਰੁਪਏ, ਸ਼ਾਲ, ਸਿਰੋਪਾਓ ਅਤੇ ਯਾਦਗਾਰੀ ਚਿਨ (ਮੈਮੰਟੋ) ਸਮਰਪਤ ਕੀਤਾ ਜਾ ਰਿਹਾ ਹੈ।

## ਭਾਈ ਸਮਿੱਤਰ ਸਿੰਘ ਜੀ ਨੂੰ
## ਭਾਈ ਮਰਦਾਨਾ ਜੀ ਸ੍ਰੋਮਣੀ ਰਾਗੀ ਐਵਾਰਡ

ਕਿਸੇ ਕੌਮ ਦਾ ਸਰਮਾਇਆ ਉਸ ਕੌਮ ਦੇ ਵਿਦਵਾਨ ਅਤੇ ਪ੍ਰਚਾਰਕ ਹੁੰਦੇ ਹਨ ਜੋ ਕੌਮ ਦੀ ਅਨਮੋਲ ਪਨੀਰੀ ਨੂੰ ਪੁਰਾਤਨ ਵਿਰਸੇ ਨਾਲ ਜੋੜਨ ਦਾ

ਯਤਨ ਕਰਦੇ ਹਨ। ਜਦ ਇਹ ਸਰਮਾਇਆ ਕੇਵਲ ਸੀਮਤ ਹ ਕੇ ਰਹਿ ਜਾਵੇ ਤਾਂ ਆਣ ਵਾਲੇ ਸਮੇਂ ਵਿਚ ਇਸ ਦੀ ਹੋਂਦ ਇਕ ਕਾਲਪਨਿਕ ਰੂਪ ਧਾਰਨ ਕਰ ਸਕਦੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਮੁੱਚਾ ਅਧਾਰ ਰਾਗਾਂ ਤੇ ਨਿਰਭਰ ਕਰਦਾ ਹੈ। ਇਸੇ ਲਈ ਪਾਤਸ਼ਾਹ ਨੇ ਆਰੰਭ ਵਿਚ ਹੀ ਉਹਨਾਂ ਪੁਰਾਤਨ ਧੁਨੀਆਂ ਦਾ ਜ਼ਿਕਰ ਵੀ ਕਰ ਦਿਤਾ ਹੈ, ਜਿਸ ਦੇ ਅਧਾਰ ਤੇ ਉਸ ਰਾਗ ਨੂੰ ਗਾਇਨ ਕੀਤਾ ਜਾ ਸਕਦਾ ਹੈ। ਧਰਮ ਪ੍ਰਚਾਰ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਨੇ ਇਸ ਲਈ ਪਿਛਲੇ ਅਰਸੇ ਤੋਂ ਇਹ ਯਤਨ ਕਰਕੇ ਕੌਮ ਦੇ ਉਹਨਾਂ ਗੁਰੂ ਕੇ ਰਾਗੀਆਂ ਤੇ ਵਿਦਵਾਨਾਂ ਨੂੰ ਸਨਮਾਨ ਸਤਿਕਾਰ ਦੇਣ ਦਾ ਫੈਸਲਾ ਕੀਤਾ ਜਿਨ੍ਹਾਂ ਨੇ ਇਸ ਖੇਤਰ ਵਿਚ ਉਹਨਾਂ ਪੁਰਾਤਨ ਬੰਦਸ਼ਾਂ ਤੇ ਰੀਤਾਂ ਨੂੰ ਕਾਇਮ ਰੱਖਿਆ ਹੈ।

ਅੱਜ ਦੇ ਇਸ ਛੇਵੇਂ ਸਮਾਗਮ ਵਿਚ ਸਮਿੱਤਰ ਸਿੰਘ ਜੀ ਨੂੰ ਸਨਮਾਨਤ ਕਰਕੇ ਅਸੀਂ ਉਸ ਪ੍ਰੰਪਰਾ ਨੂੰ ਜੋ ਗੁਰੂਆਂ ਵਲੋਂ ਆਰੰਭ ਕੀਤੀ ਗਈ, ਸਤਿਕਾਰ ਦੇ ਰਹੇ ਹਾਂ।

ਆਪ ਦਾ ਜਨਮ 20 ਫਰਵਰੀ, 1929 ਨੂੰ ਮਾਤਾ ਜਸਵੰਤ ਕੌਰ ਦੀ ਕੁੱਖੋਂ ਪਿਤਾ ਜੈਮਲ ਸਿੰਘ ਦੇ ਘਰ ਪਿੰਡ ਲਸਾੜਾ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਬਚਪਨ ਵਿਚ ਹੀ ਅੱਖਾਂ ਦੀ ਜੋਤ ਚਲੀ ਗਈ ਤੇ ਆਪ ਨੇ ਸਰੰਦੇ ਦੇ ਧਨੀ ਬਾਬਾ ਦਲ ਸਿੰਘ ਜੀ ਪਾਸ ਪਹਿਲਾਂ ਸਿੱਖਿਆ ਪ੍ਰਾਪਤ ਕੀਤੀ ਅਤੇ 20 ਫਰਵਰੀ, 1936 ਨੂੰ ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਦਾਖਲ ਹੋ ਗਏ। ਇਥੋਂ ਆਪ ਨੇ ਪ੍ਰੋ: ਸੁੰਦਰ ਸਿੰਘ ਜੀ ਪਾਸੋਂ ਸਿਖਿਆ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਅਲ ਬੇਗ ਕੀਰਤਨਗੜ੍ਹ ਪੰਡਤ ਨਿਹਚਲ ਸਿੰਘ ਜੀ ਯਮੁਨਾ ਨਗਰ ਵਾਲਿਆਂ ਪਾਸੋਂ ਕੀਰਤਨ ਤੇ ਗੁਰਬਾਣੀ ਦੇ ਅਰਥ ਬੋਧ ਪ੍ਰਾਪਤ ਕੀਤੇ। ਇਸ ਉਪਰੰਤ 1947-48 ਦੇ ਦਰਮਿਆਨ ਆਪ ਨਨਕਾਣਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ। 1949 ਵਿਚ ਭਾਈ ਹਰੀ ਸਿੰਘ ਜੀ ਦੇ ਜੱਥੇ ਨਾਲ ਕੀਰਤਨ ਦੀ ਸੇਵਾ ਸ੍ਰੀ ਦਰਬਾਰ ਸਾਹਿਬ ਵਿਖੇ ਕਰਦੇ ਰਹੇ। 1957 ਵਿਚ ਆਪ ਸ੍ਰੋਮਣੀ ਕਮੇਟੀ ਦੇ ਏ-ਗਰੇਡ ਦੇ ਕੀਰਤਨੀਏ ਬਣ ਗਏ। ਇਸ ਉਪਰੰਤ ਆਪ ਸ੍ਰੀ ਅੰਮ੍ਰਿਤਸਰ ਸਾਹਿਬ, ਗੰਗਾ ਨਗਰ, ਜੰਮੂ ਵਿਖੇ ਵੀ ਗੁਰੂ ਕੇ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। 1980 ਵਿਚ ਆਪ ਫਿਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗੁਰੂ ਕੇ ਹਜ਼ੂਰੀ ਰਾਗੀ ਦੇ ਤੌਰ ਤੇ ਹਾਜ਼ਰ ਹੋਏ। ਉਸ ਉਪਰੰਤ ਆਪ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੇ ਹਜ਼ੂਰੀ ਰਾਗੀ ਦੇ ਤੌਰ ਤੇ 1979 ਤੱਕ ਰਹੇ। ਇਸ ਅਰਸੇ ਦੌਰਾਨ ਆਪ ਨੇ ਅਨੇਕਾਂ ਹੀ ਵਿਦਿਆਰਥੀਆਂ ਨੂੰ ਸਿਖਿਆ ਦਿਤੀ ਤੇ ਅਜਕਲ ਆਪ ਨੇਤਰਹੀਨ ਬਿਰਧ ਆਸ਼ਰਮ ਜੋ ਗੁਰੂ ਨਾਨਕ ਮਿਸ਼ਨਰੀ ਬਲਾਈਂਡ ਸੋਸਾਇਟੀ ਚਲਾ ਰਹੀ ਹੈ ਵਿਖੇ ਬਤੌਰ ਪ੍ਰਿੰਸੀਪਲ ਸੇਵਾ ਕਰ ਰਹੇ ਹਨ।

ਇਸ ਨੇਤਰਹੀਨ ਵਿਦਿਆਲੇ ਵਿਚ ਆਪ ਸੰਗੀਤ ਦੀ ਸਿਖਿਆ ਦਿੰਦੇ ਹਨ। ਆਪ ਨੇ ਹੁਣ ਤੱਕ ਕਲਾਸੀਕਲ ਦੀ ਉਸ ਪ੍ਰੰਪਰਾ ਨੂੰ ਨਹੀਂ ਤਿਆਗਿਆ ਅਤੇ ਨਾ ਹੀ ਕੰਨ ਰਸ ਦੇ ਇਸ ਖੇਤਰ ਵਿਚ ਪ੍ਰਵੇਸ਼ ਕੀਤਾ ਹੈ।

ਧਰਮ ਪ੍ਰਚਾਰ ਕਮੇਟੀ, ਚੀਫ਼ ਖਾਲਸਾ ਦੀਵਾਨ ਵਲੋਂ ਆਪ ਨੂੰ ਭਾਈ ਮਰਦਾਨਾ ਜੀ ਸ੍ਰੋਮਣੀ ਰਾਗ ਐਵਾਰਡ 1100/-ਰੁਪਏ ਸ਼ਾਲ, ਸਿਰੋਪਾਓ ਅਤੇ ਯਾਦਗਾਰੀ ਚਿੰਨ ਗੁਰੂ ਘਰ ਵਲੋਂ ਬਖਸ਼ਿਸ਼ ਕਰਦਿਆਂ ਇਹ ਆਸ ਕਰਦੇ ਹਾਂ ਕਿ ਆਪ ਕੌਮ ਤੇ ਪੰਥ ਦੀ ਇਸੇ ਤਰ੍ਹਾਂ ਸੇਵਾ ਕਰਦੇ ਰਹਿਣਗੇ।

## ਭਾਈ ਬਲਬੀਰ ਸਿੰਘ ਜੀ ਨੂੰ
## ਭਾਈ ਸਾਹਿਬ ਭਾਈ ਸੰਤਾ ਸਿੰਘ ਜੀ ਸ੍ਰੋਮਣੀ ਰਾਗੀ ਐਵਾਰਡ

ਇਹ ਸਨਮਾਨ ਪੱਤਰ ਭਾਈ ਬਲਬੀਰ ਸਿੰਘ ਜੀ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੂੰ ਉਨ੍ਹਾਂ ਦੀਆ ਸੇਵਾਵਾਂ ਲਈ 3 ਨਵੰਬਰ 1991 ਨੂੰ ਗੁਰਦੁਆਰਾ ਗੁਰੂ ਤੇਗ ਬਹਾਦਰ, 15-ਸੀ, ਚੰਡੀਗੜ੍ਹ ਵਿਖੇ ਹੋਏ ਇਸ ਵਿਸ਼ੇਸ਼ ਸਮਾਗਮ ਵਿਚ ਭੇਟ ਕੀਤਾ ਗਿਆ ਹੈ।

ਭਾਈ ਬਲਬੀਰ ਸਿੰਘ ਜੀ ਦਾ ਜਨਮ ਇਕ ਐਸੇ ਖਾਨਦਾਨ ਵਿਚ ਹੋਇਆ, ਜਿਨ੍ਹਾਂ ਨੂੰ ਪੀੜ੍ਹੀ ਦਰ ਪੀੜ੍ਹੀ ਗੁਰਮਤਿ ਰਾਗ ਦੀ ਹੀ ਗੁੜਤੀ ਦਿਤੀ ਜਾਂਦੀ ਸੀ। 21 ਮਾਰਚ, 1933 ਨੂੰ ਮਾਤਾ ਪ੍ਰਸਿੰਨ ਕੌਰ ਜੀ ਦੀ ਕੁੱਖੋਂ ਮਰਗਿੰਦਪੁਰਾ ਨੇੜੇ ਭਿੱਖੀਵਿੰਡ (ਅੰਮ੍ਰਿਤਸਰ) ਵਿਖੇ ਹੋਇਆ। ਆਪ ਜੀ ਦੇ ਪਿਤਾ ਭਾਈ ਸਾਹਿਬ ਭਾਈ ਸੰਤਾ ਸਿੰਘ ਜੀ ਸੰਗੀਤ ਉਸਤਾਦ ਸਨ ਜਿਨ੍ਹਾਂ ਨੇ 1920 ਤੋਂ ਲੈ ਕੇ 1950 ਤੱਕ ਖਾਲਸਾ ਪ੍ਰਚਾਰਕ ਵਿਦਿਆਲਾ ਚੀਫ਼ ਖਾਲਸਾ ਦੀਵਾਨ, ਤਰਨ-ਤਾਰਨ ਵਿਖੇ ਸੈਂਕੜੇ ਬੱਚਿਆਂ ਨੂੰ ਗੁਰੂ ਕੇ ਕੀਰਤਨ ਦੀ ਦਾਤ ਦਿੱਤੀ। ਭਾਈ ਬਲਬੀਰ ਸਿੰਘ ਜੀ ਨੇ ਗੁਰਮਤਿ ਸੰਗੀਤ ਦੀ ਵਿਦਿਆ ਆਪਣੇ ਪ੍ਰਵਾਰ ਪਾਸੋਂ ਹੀ ਪ੍ਰਾਪਤ ਕੀਤੀ। ਆਪ ਜੀ ਦੇ ਤਾਇਆ ਜੀ ਭਾਈ ਮੋਹਣ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਤਰਨ-ਤਾਰਨ ਵਿਖੇ ਕੀਰਤਨ ਦੀ ਛਹਿਬਰ ਲਾਉਂਦੇ ਰਹੇ। ਪਿਤਾ ਅਤੇ ਤਾਇਆ ਜੀ ਆਪ ਜੀ ਦੇ ਉਸਤਾਦ ਬਣੇ। ਸਿੱਖ ਹਲਕਿਆਂ ਵਿਚ ਇਹ ਤੱਤ ਪ੍ਰਤੱਖ ਰੂਪ ਵਿਚ ਪ੍ਰਗਟ ਹੋ ਕੇ ਦਸਮ ਗ੍ਰੰਥ ਗਜ਼ਲਾਂ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਗਾਇਣ ਜਿਸ ਢੰਗ ਨਾਲ ਭਾਈ ਬਲਬੀਰ ਸਿੰਘ ਜੀ ਕਰ ਸਕਦੇ ਹਨ ਉਹ ਆਪਣੀ ਮਿਸਾਲ ਆਪ ਹੀ ਹਨ। ਆਪ ਦਿਲਰੁਬਾ, ਜਲਤਰੰਗ, ਤਬਲਾ ਤਰੰਗ ਅਤੇ ਸ਼ਾਸ਼ਤਰ ਵਿਦਿਆ ਵਿਚ ਵੀ ਮਾਹਿਰ ਹਨ। ਇਕ ਸੌ ਪੰਜਾਹ ਰਾਗਾਂ ਦੀ ਗਾਇਣ ਸਮਰੱਥਾ ਅਤੇ 3000 ਸ਼ਬਦਾਂ ਦਾ ਜ਼ੁਬਾਨੀ ਕੰਠ ਹੋਣਾ, ਆਪ ਜੀ ਤੇ ਸਤਿਗੁਰੂ ਦੀ ਬਖਸ਼ਿਸ ਹੀ ਕਹੀ ਜਾ ਸਕਦੀ ਹੈ। ਗੁਰੂ ਕੇ ਰਾਗੀ ਨੂੰ ਇਤਿਹਾਸ ਗੁਰੂ ਪ੍ਰਤਾਪ ਸੂਰਜ ਦਸਮ ਗ੍ਰੰਥ ਦੀ ਵਿਚਾਰ ਅਤੇ ਸ਼ਬਦ ਬੋਧ ਦਾ ਹੋਣਾ ਅਤਿ

ਜ਼ਰੂਰੀ ਹੈ। ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ ਤੇ ਇਹ ਬਖਸ਼ਿਸ ਹੈ। ਇਹ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਆਪ ਜੀ ਦੇ ਚਾਰ ਭਰਾ ਅਤੇ ਦੋ ਲੜਕੇ ਨਿਰੋਲ ਕਲਾਸੀਕਲ ਕੀਰਤਨ ਗਾਇਣ ਕਰਦੇ ਹਨ। ਆਪਨੇ 1955 ਵਿਚ ਸ੍ਰੀ ਦਰਬਾਰ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ ਦੀ ਸੇਵਾ ਆਰੰਭ ਕੀਤੀ ਅਤੇ 1991 ਤੱਕ ਲਗਾਤਾਰ ਆਪ ਹਾਜ਼ਰੀ ਭਰਦੇ ਰਹੇ।

ਆਪ ਨੂੰ ਨਵੰਬਰ 1947 ਵਿਚ ਸਿੰਘ ਸਭਾ ਇੰਦੌਰ ਵਲੋਂ ਅਤੇ ਅਪ੍ਰੈਲ 1990 ਵਿਚ ਗੁਰੂ ਕਾਂਸ਼ੀ ਦਮਦਮਾ ਸਾਹਿਬ ਵਿਖੇ ਗੁਰੂ ਘਰ ਵਲੋਂ ਗੋਲਡ ਮੈਡਲ ਬਖਸ਼ਿਸ਼ ਹੋਏ। ਸਰਬ ਹਿੰਦ ਸੰਗੀਤ ਸੰਮੇਲਨ 1983 ਵਿਚ ਆਪ ਨੂੰ ਪਹਿਲਾ ਪੁਰਸਕਾਰ ਮਿਲਿਆ ਅਤੇ ਕੇਂਦਰੀ ਸਿੰਘ ਸਭਾ ਵਲੋਂ ਵੀ ਆਪ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ ਹੈ। ਭਾਈ ਬਲਬੀਰ ਸਿੰਘ ਜੀ ਨੇ ਜੋ ਕਲਾਸੀਕਲ ਖੇਤਰ ਵਿਚ ਇਹ ਸੇਵਾ ਕੀਤੀ ਹੈ, ਉਸ ਨੂੰ ਜੇਕਰ ਇਹ ਹੁਣ ਚੰਗੇਰੇ ਢੰਗ ਨਾਲ ਆਉਣ ਵਾਲੀ ਪਨੀਰੀ ਤੱਕ ਪਹੁੰਚਾ ਸਕਣ ਤਾਂ ਇਹਨਾਂ ਦਾ ਬਹੁਤ ਵੱਡਾ ਯੋਗਦਾਨ ਹੋਵੇਗਾ।

ਅੱਜ ਦੇ ਇਸ ਸ਼ੁਭ ਮੌਕੇ ਤੇ ਧਰਮ ਪ੍ਰਚਾਰ ਕਮੇਟੀ ਚੀਫ ਖਾਲਸਾ ਦੀਵਾਨ ਵਲੋਂ ਆਪ ਨੂੰ ਭਾਈ ਸਾਹਿਬ ਭਾਈ ਸੰਤਾ ਸਿੰਘ ਜੀ ਸ਼ਰੋਮਣੀ ਰਾਗੀ ਐਵਾਰਡ 1100/- ਰੁਪਏ ਸ਼ਾਲ ਸਿਰੋਪਾਓ ਤੇ ਯਾਦਗਾਰੀ ਚਿੰਨ੍ਹ ਗੁਰੂ ਘਰ ਵਲੋਂ ਬਖਸ਼ਿਸ਼ ਕਰਦਿਆਂ ਆਸ ਕਰਦੇ ਹਾਂ ਕਿ ਆਪ ਕੌਮ ਦੀ ਸੇਵਾ ਵਿਚ ਇਸੇ ਤਰ੍ਹਾਂ ਹੀ ਲੀਨ ਰਹਿਣਗੇ।

# ਸਿੱਖ ਕੀਰਤਨ ਮਰਿਆਦਾ : ਕਰਮ ਤੇ ਵਿਚਾਰ

ਬ. ਸ. ਰਤਨ (ਡਾ.)

ਸੰਸਾਰ ਭਰ ਵਿਚ ਸੰਗੀਤ ਦਾ ਅਧਾਰ ਤਾਂ ਇਕੋ ਹੀ ਹੈ ਸੁਰਸੰਵਾਦ। ਫਿਰ ਵੀ ਸੰਗੀਤ ਦੀ ਹਰ ਇਲਾਕੇ, ਹਰ ਪ੍ਰਾਂਤ, ਹਰ ਦੇਸ਼ ਵਿਚ ਇਕ ਵੱਖਰੀ, ਨਿਵੇਕਲੀ ਪਛਾਣ ਵੀ ਹੁੰਦੀ ਹੈ ! ਇਸੇ ਤਰ੍ਹਾਂ ਹਰ ਇਲਾਕੇ ਵਿਚ ਅੱਗੇ ਸੰਗੀਤ ਦੇ ਕਈ ਰੂਪ-ਪਸਾਰ ਜਾਂ ਵੰਨਗੀਆਂ ਦਿਸ ਜਾਂਦੀਆਂ ਹਨ। ਮੁੱਖ ਰੂਪ ਵਿਚ ਇਹ ਭੇਦ ਕਿਸੇ ਇਲਾਕੇ ਜਾਂ ਕਿਸੇ ਸਮਾਜ ਦੇ ਜੀਵਨ-ਆਦਰਸ਼ਾਂ ਨਾਲ ਜਾ ਜੁੜਦੇ ਹਨ। ਇਸ ਤਰ੍ਹਾਂ ਸੋਚਦੇ ਹੋਏ ਜੇ ਸਿੱਖੀ ਵਿਚ ਸੰਗੀਤ ਦੀ ਵਰਤੋਂ ਵਲ ਧਿਆਨ ਦੇਈਏ ਤਾਂ ਕੁਝ ਵਿਲੱਖਣ ਤੱਤ ਤੇ ਕੁਝ ਬਿਲਕੁਲ ਆਪਣੀ ਤਰ੍ਹਾਂ ਦੇ ਕਾਇਦੇ ਸਾਫ ਮਹਿਸੂਸ ਹੋਣ ਲੱਗਦੇ ਹਨ। ਹੋਰ ਗਹੁ ਨਾਲ ਵਿਚਾਰਿਆਂ ਇਨ੍ਹਾਂ ਤੱਤਾਂ, ਅਤੇ ਤਰੀਕਆਂ ਦਾ ਸਿੱਧਾ ਸਰੋਕਾਰ ਸਿੱਖੀ ਸਿਧਾਂਤਾਂ, ਵਿਹਾਰਾਂ ਅਤੇ ਮਰਿਆਦਾਵਾਂ ਨਾਲ ਬਣਦਾ ਨਜ਼ਰ ਆਉਂਦਾ ਹੈ। ਤੇ ਇਕ ਗੱਲ ਹੋਰ ਜੋ ਸਪਸ਼ਟ ਦਿਸਣ ਲੱਗਦੀ ਹੈ ਉਹ ਇਹ ਕਿ ਜਿਉਂ ਜਿਉਂ ਸਿੱਖੀ ਦੇ ਸਿਧਾਂਤਕ ਜਾਂ ਵਿਹਾਰਕ ਰੂਪ ਬਦਲੇ ਤਿਉਂ ਤਿਉਂ ਸਿੱਖ ਮਰਿਆਦਾ ਵਿਚ ਸੰਗੀਤ ਦੀਆਂ ਵਿਧੀਆਂ, ਪੇਸ਼ਕਾਰੀਆਂ ਜਾਂ ਤਰੀਕਿਆਂ ਵਿਚ ਬਦਲੀ ਆਈ। ਗੁਰਬਾਣੀ ਗਾਇਨ ਬਾਰੇ ਪਿਛਲੇ ਕੁਝ ਸਮੇਂ ਤੋਂ ਸੈਮੀਨਾਰ ਤੇ ਦਰਬਾਰ ਆਮ ਹੋਣ ਲੱਗ ਪਏ ਹਨ। ਪਰ ਇਨ੍ਹਾਂ ਸਮਿਆਂ ਉਪਰ ਹੁੰਦੀ ਸੋਚ-ਵਿਚਾਰ ਨੇ ਹਾਲੇ ਉਪਰੋਕਤ ਬਦਲੀਆਂ ਦੀ ਤੋਰ ਤੇ ਸਾਰਥਕਤਾ/ਨਿਰਾਰਥਕਤਾ ਦਾ ਤਰਕਪੂਰਨ ਵਿਸ਼ਲੇਸ਼ਣ ਕਰਨਾ ਹੈ।

12 ਅਕਤੂਬਰ ਨੂੰ ਜਵੱਦੀ ਕਲਾਂ (ਲੁਧਿਆਣਾ) ਵਿਖੇ ਹੋਏ ਇਕ ਅਜਿਹੇ ਸੈਮੀਨਾਰ ਵਿਚ ਵੀ ਕੋਈ ਨੁਕਤਾ ਸਪਸ਼ਟ ਰੂਪ ਵਿਚ ਨਹੀਂ ਬਣ ਸਕਿਆ। ਏਸ ਸਮੀਨਾਰ ਤੋਂ ਬਹੁਤ ਆਸ ਸੀ ਕਿਉਂਕਿ ਜਿਸ ਵੱਡੀ ਪੱਧਰ ਉਪਰ ਇਹ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨ ਦਾ ਸਮਾਗਮ ਰਚਿਆ ਗਿਆ ਸੀ ਉਸ ਵਿਚੋਂ ਗੁਰਬਾਣੀ ਕੀਰਤਨ ਬਾਰੇ ਅਹਿਮ ਤੇ ਗਹਿਰੀ ਸਮਝ ਦਾ ਉਸਰਨਾ ਸਹਿਜ ਤੇ ਕੁਦਰਤੀ ਹੋਣਾ ਚਾਹੀਦਾ ਸੀ। ਅਜਿਹਾ ਨਹੀਂ ਹੋਇਆ। ਇਸ ਦਾ ਇਕ ਕਾਰਨ ਇਹ ਮੰਨਿਆ ਜਾ ਸਕਦਾ ਹੈ ਕਿ ਬੁੱਧੀਜੀਵੀਆਂ ਨੇ ਰਾਗਮਈ ਕੀਰਤਨ ਸੁਣਨ ਲਈ ਨਿੱਠ ਕੇ ਬੈਠਣ ਤੋਂ ਆਪ ਗੁਰੇਜ਼ ਹੀ ਕੀਤਾ। ਇਉਂ ਉਹ ਮਨਘੜੰਤ ਗੱਲਾਂ ਦੇ ਪੁਲੰਦੇ ਤਾਂ ਖੋਲ੍ਹਣ ਬੈਠ ਗਏ ਪਰ ਸੂਝ (ਜਿਸ ਨੇ ਜਿਉਂਦੇ ਅਨੁਭਵ ਵਿਚੋਂ ਜਾਗਣਾ ਸੀ) ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੀ ਰਹੀ।

ਸ਼ਾਇਦ ਏਸੇ ਗੱਲ ਨੂੰ ਮਹਿਸੂਸ ਕਰਦੇ ਹੋਏ ਸੰਤ ਸੁੱਚਾ ਸਿੰਘ ਨੇ ਸੈਮੀਨਾਰ ਨੂੰ ਸਮੇਟਣ ਅਤੇ ਮੁੜ ਕੀਰਤਨ ਵਲ ਪਰਤਣ ਦਾ ਇਸ਼ਾਰਾ ਕਰ ਕੇ ਇਸ ਸ਼ੋਰੀਲੀ ਭਾਸ਼ਣਬਾਜ਼ੀ ਦਾ ਅੰਤ ਕਰਵਾ ਦਿੱਤਾ।

ਜਿਥੋਂ ਤੀਕ ਕਰਵਾਏ ਜਾ ਰਹੇ ਰਾਗਮਈ ਕੀਰਤਨ ਦਰਬਾਰਾਂ ਦਾ ਸਬੰਧ ਹੈ ਉਨ੍ਹਾਂ ਵਿਚ ਜੋ ਅਨੁਭਵ ਸਿਰਜੇ ਜਾ ਰਹੇ ਉਨ੍ਹਾਂ ਦਾ ਵੀ ਇਕ ਵੱਡ-ਪਸਾਰੀ ਰੂਪ ਜਵੱਦੀ ਕਲਾਂ ਵਿਖੇ ਹੋਏ ਚਾਰ-ਰੋਜ਼ਾ ਦਰਬਾਰ ਵਿਚ ਸਮੂਰਤ ਹੋਇਆ ਜਿਥੇ ਕਿ ਲਗਪਗ ਚਾਲੀ ਰਾਗੀ ਜਥਿਆਂ ਨੇ ਤਿੰਨ ਤਿੰਨ ਵਾਰੀ ਕੀਰਤਨ ਕੀਤਾ।

ਅਚੇਤ ਰੂਪ ਵਿਚ ਵੀ ਤੇ ਸੁਚੇਤ ਰੂਪ ਵਿਚ ਵੀ ਬਹੁਤੀ ਵਾਰੀ ਇਹ ਦਰਬਾਰ ਰਾਗੀਆਂ ਵਿਚ ਮੁਕਾਬਲੇ ਦਾ ਰੂਪ ਧਾਰ ਜਾਂਦੇ ਹਨ। ਗਾਉਣ ਵਾਲੇ ਵੀ ਇਸੇ ਨਜ਼ਰੀਏ ਤੋਂ ਪੇਸ਼ਕਾਰੀ ਨੂੰ ਲੈਣ ਲੱਗਦੇ ਹਨ। ਜਿਤਨਾ ਵੱਡਾ ਦਰਬਾਰ ਉਤਨਾ ਵੱਡਾ ਹੀ ਇਹ ਖਤਰਾ। ਇਸ ਨਾਲ ਕੀਰਤਨ ਦਾ ਮਨੋਰਥ ਹੀ ਵਿਗੜ ਜਾਣਾ ਸੁਭਾਵਕ ਹੈ।

ਇਹ ਮਹਿਸੂਸ ਕੀਤਾ ਗਿਆ ਕਿ ਸਾਡੇ ਕੁਝ ਜਾਣੇ ਪਛਾਣੇ ਤੇ ਵੱਡੇ ਨਾਮੀ ਰਾਗੀ ਸਿੰਘਾਂ ਨੇ ਇਥੇ ਜੋ ਕੀਰਤਨ ਕੀਤਾ ਉਸ ਵਿਚ ਆਪਣੀ ਰਾਗਦਾਰੀ ਦੀਆਂ ਰਮਜ਼ਾਂ ਦੀ ਸਮਝ ਜਾਂ ਕੇਵਲ ਸੰਗੀਤਕ ਤੱਤਾਂ ਉੱਪਰ ਮੁਹਾਰਤ ਨੂੰ ਪਰਦਰਸ਼ਿਤ ਕਰਨਾ ਹੀ ਏਸ ਦਰਬਾਰ ਦਾ ਮਨੋਰਥ ਮੰਨ ਲਿਆ। ਉਹ ਇਹ ਭੁੱਲ ਗਏ ਕਿ ਉਹ 'ਉਸ ਦੀ' ਕੀਰਤ, ਸਿਫਤ ਸਲਾਹ ਕਰਨ ਹਿਤ ਗਾ ਰਹੇ ਹਨ 'ਜਿਸਦਾ' ਦਰਬਾਰ ਵੱਡਾ ਹੈ ਜਿਸ ਦਾ ਮਰਤਬਾ ਵੱਡਾ ਹੈ। ਉਨ੍ਹਾਂ ਨੇ ਰਾਗ-ਨਾਦ ਨੂੰ ਹੀ ਸਭ ਤੋਂ ਵੱਡਾ ਸੱਚਾ ਗਰਦਾਨ ਲਿਆ ਅਤੇ ਉਨ੍ਹਾਂ ਦੇ ਕੀਰਤਨ ਦਰਬਾਰ ਨੂੰ ਦਰਬਾਰ ਵਿਚ ਬਦਲ ਦਿੱਤਾ ਅਤੇ ਸੰਗਤ ਦੀ ਬਿਰਤੀ ਸ਼ਬਦ-ਅਰਥ ਰਾਹੀਂ ਇਕਾਗਰ ਕਰਨ ਦੀ ਜਗ੍ਹਾ ਕੇਵਲ ਸੰਗੀਤਕ ਤੱਤਾਂ ਦੀ ਪੇਸ਼ਕਾਕੀ ਨਾਲ 'ਦਿਲ-ਚਸਪ' ਰੂਪ ਵਿਚ ਉਤੇਜਿਤ ਕਰ ਦਿੱਤੀ। ਕਿਉਂਕਿ ਮੁੱਖ ਅਭਿਆਸ ਇਨ੍ਹਾਂ ਰਾਗੀਆਂ ਦਾ ਆਮ-ਤਰਜ਼ੀ ਸ਼ਬਦ-ਗਾਇਨ ਹੀ ਹੈ, ਸੋ ਜਦ ਇਥੇ ਇਨ੍ਹਾਂ ਨੇ ਰਾਗ ਵਿਧੀ ਨਾਲ ਸ਼ਬਦ-ਗਾਇਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਹ 'ਕਦੀ ਕਦੀ' ਵਾਲਾ ਮੌਕਾ ਹੋਣ ਕਾਰਨ, ਦਰੁੱਤ ਵਿਚ ਬਹੁਤੀ ਵਾਰੀ ਰਾਗ ਵੀ ਉਨ੍ਹਾਂ ਦੇ ਹੱਥੋਂ ਨਿਕਲ ਗਿਆ। ਤਾਨ ਦਾ ਸੁਭਾਉ ਤਾਂ ਵੈਸੇ ਵੀ ਰਾਗ ਨੂੰ ਵਿਚਲਿਤ ਕਰਨਾ ਹੁੰਦਾ ਹੈ ਤੇ ਜਦੋਂ ਤਾਨਾਂ ਦੀ ਅੱਤ ਹੋ ਜਾਏ ਤੇ ਉਹ ਵੀ ਬਗੈਰ ਕਿਸੇ ਸਿਲਸਿਲੇ ਜਾਂ ਭਾਵ-ਪੂਰਤੀ ਦੇ ਉਦੇਸ਼ ਅਧੀਨ, ਤਾਂ ਰਾਗ ਰੰਗ ਬੱਝਣ ਦੀ ਥਾਂ ਰਾਗ-ਜੰਗ ਹੋਣ ਲੱਗਦਾ ਹੈ। ਕਈ ਰਾਗੀ ਅਤਿ-ਦਰੁੱਤ ਲੈਅ ਵਿਚ ਤਰਾਨਾ ਹੀ ਗਾ ਗਏ! ਨਿਰੀਆਂ ਵਿਕਟ ਤਾਲਾਂ ਦੀਆਂ ਗਾਇਕੀਆਂ ਵੀ ਕੀਰਤਨ ਨਹੀਂ ਬਣ ਸਕੀਆਂ।

ਕੁਝ ਪੁਰਾਣੇ ਰਾਗੀਆਂ (ਡੁਮੇਲੀ ਵਾਲੇ ਸਰਵਣ ਸਿੰਘ ਗੰਧਰਵ) ਤੇ ਕੁਝ ਨਵੇਂ ਨੌਜਵਾਨ ਜਥਿਆਂ (ਨਰਿੰਦਰ ਸਿੰਘ ਲੁਧਿਆਣੇ ਵਾਲੇ ਰਾਗ ਮਲਹਾਰ) ਅਤੇ ਗੁਰਦੇਵ ਸਿੰਘ ਬਟਾਲੇ ਵਾਲਿਆਂ (ਰਾਗ ਦੇਵ ਗੰਧਾਰੀ ਰਾਗ ਦੀ ਸੁੱਚਤਾ ਨੂੰ ਨਿਭਾਹੁੰਦੇ ਹੋਏ ਸ਼ਬਦ ਦੀ ਉਚਤਾ ਕਾਇਮ ਰੱਖੀ ਪਰ ਅਖੀਰ ਵਿਚ ਤਾਨ-ਬਾਜ਼ੀ (ਸਰਗਮਾਂ ਵਾਲੀ) ਦੇ ਮੋਹ ਵਿਚ ਫਸ ਕੇ ਪ੍ਰਭਾਵ ਨੂੰ ਪੇਤਲਾ ਕਰ ਲਿਆ। ਇਹ

ਲਬੁ-ਲੋਭ. ਆਹੰਕਾਰ ਹੀ ਤਾਂ ਪੜ੍ਹੇ ਲਿਖੇ ਨੂੰ 'ਮੂਰਖ ਆਖੀਐ' ਦੇ ਪਦ ਦਾ ਅਧਿਕਾਰੀ ਕਰ ਦਿੰਦਾ ਹੈ।

ਇਕ ਇਸ ਪ੍ਰਕਾਰ ਦੇ ਗਾਇਕ ਵੀ ਹਨ ਜਿਨ੍ਹਾਂ ਦੀ ਮੁੱਖ ਰੂਪ ਵਿਚ ਤਾਲੀਮ ਰਾਗ ਦੀ ਅਤੇ ਇਸ ਦੀ ਪੇਸ਼ਕਾਰੀ ਦੇ ਵੱਖ ਵੱਖ ਢੰਗਾਂ ਦੀ ਹੈ। ਸਿੰਘ ਬੰਧੂ, ਅਜੀਤ ਸਿੰਘ ਪੈਂਟਲ, ਨਿਵੇਦਿਤਾ ਸਿੰਘ ਏਸੇ ਸ੍ਰੇਣੀ ਵਿਚ ਆ ਜਾਂਦੇ। ਇਨ੍ਹਾਂ ਨੇ ਵੀ ਖਿਆਲ ਗਾਇਕੀ ਦੇ ਤਰੀਕੇ ਅਤੇ ਹਾਵਾਂ ਭਾਵਾਂ ਨਾਲ ਸ਼ਬਦਾਂ ਨੂੰ ਸੰਗੀਤਕ ਰੂਪ ਦੇਣਾ ਹੀ ਗੁਰਬਾਣੀ ਕੀਰਤਨ ਕਿਆਸ ਲਿਆ ਹੈ। ਸ਼ਬਦ ਦੀ ਸਾਰ ਤੋਂ ਸੱਖਣੇ ਹੋ ਕੇ ਕੀਤਾ ਰਾਗ-ਪੂਰਨ ਕੀਰਤਨ ਵੀ ਆਪਣੇ (ਪ੍ਰਭੂ ਵਿਚ ਸੰਗਤ-ਰੂਪ ਹੋ ਕੇ ਜੁੜਨ ਦੇ) ਮਨੋਰਥ ਨੂੰ ਨਹੀਂ ਪਹੁੰਚਦਾ। ਖਿਆਲ ਗਾਇਕੀ ਤਾਂ ਬਿਲਕੁਲ ਇਸ ਦੇ ਉਲਟ ਤੁਰਦੀ ਹੈ। ਧਰੁਪਦ ਅੰਗ ਦੀ ਗਾਇਕੀ ਅਜਿਹਾ ਵਿਗਾੜ ਨਹੀਂ ਪਾਉਂਦੀ।

ਗੁਰਬਾਣੀ ਗਾਇਨ ਜਾਂ ਸਿੱਖ ਮਰਿਆਦਾ ਅਧੀਨ ਕੀਤੇ ਗਏ ਕੀਰਤਨ ਦੇ ਕੁਝ ਖਾਸ ਪਹਿਲੂ ਹਨ ਜਿਨ੍ਹਾਂ ਬਾਰੇ ਚੇਤਨਾ, ਸਮਝ ਅਤੇ ਬੋਧਿਕਤਾ ਦਿਨੋਂ ਦਿਨ ਘਟ ਰਹੀ ਹੈ। ਇਸ ਦੇ ਕਾਰਨਾਂ ਦੀ ਸਮਝ ਤੋਂ ਬਾਅਦ ਇਸ ਮਰਿਆਦਾ ਦੇ ਸ਼ੁੱਧ ਅਤੇ ਸਾਰਥਿਕ ਪਹਿਲੂਆਂ ਦਾ ਪ੍ਰਚਾਰ ਕਿਵੇਂ ਕੀਤਾ ਜਾਵੇ ਇਹ ਇਕ ਅਜਿਹਾ ਮਸਲਾ ਹੈ ਜਿਸ ਨੂੰ ਨਾ ਇਹ ਦਰਬਾਰ ਤੇ ਨਾ ਹੀ ਰਸਮੀ-ਪ੍ਰਪੰਚੀ ਸੈਮੀਨਾਰ ਨਜਿੱਠ ਸਕਦੇ ਹਨ। ਇਕ ਤਰ੍ਹਾਂ ਨਾਲ ਵੇਖਿਆ ਇਹ ਦਰਬਾਰ ਸਗੋਂ ਗੱਲ ਨੂੰ ਉਲਝਾਉਂਦੇ ਹਨ ਕਿਉਂਕਿ ਇਥੇ ਗਾਉਣ ਵਾਲੇ ਆਪਣੇ ਆਪਣੇ ਮਨਮੁਖੀ ਹਿਸਾਬ ਨਾਲ ਪ੍ਰਦਰਸ਼ਨ ਕਰਨ ਦੇ ਸ਼ਿਕਾਰ ਹੋ ਜਾਂਦੇ ਹਨ। ਜਵੱਦੀ ਕਲਾਂ ਵਾਲੇ ਕੀਰਤਨ ਦਰਬਾਰ ਵਿਚ ਦੀ ਸਵੇਰ ਦੀ ਆਸਾ ਦੀ ਵਾਰ (ਖਾਸ ਕਰਕੇ ਭਾਈ ਬਲਬੀਰ ਸਿੰਘ ਹੁਰਾਂ ਦੀ ਸੇਵਾ ਵਾਲੀ) ਤੋਂ ਇਲਾਵਾ ਮਸਾਂ ਇਕ ਦੋ ਸੁੰਦਰ, ਸਹਿਜ ਤੇ ਮਰਿਆਦਾ ਭਰਪੂਰ ਕੀਰਤਨ ਸੁਣਨ ਦੇ ਮੌਕੇ ਬਣੇ। ਪ੍ਰੋ: ਕਰਤਾਰ ਸਿੰਘ ਹੁਰਾਂ ਨੇ ਸ਼ੁੱਧ ਬਸੰਤ ਵਿਚ 'ਹਉ ਕਿਛੁ ਨਾ ਜਾਣਾ ਤੇਰੀ ਸਾਰ' ਦਾ ਜੋ ਕੀਰਤਨ ਕੀਤਾ ਉਹ ਇਕ ਅਜਿਹੀ ਦ੍ਰਵਿਤ ਕਰਨ ਵਾਲੀ ਉਦਾਹਰਣ ਮੰਨੀ ਜਾ ਸਕਦੀ ਹੈ। ਪੂਰੀ ਤਰ੍ਹਾਂ ਸਮਰਪਿਤ ਹੋ ਕੇ ਸਹਿਜ ਰੂਪ ਵਿਚ ਅਤੇ ਸਹੀ ਜਗ੍ਹਾ ਉਪਰ ਸਹੀ ਅਤੇ ਉਚਿਤ ਸੰਗੀਤਕ ਜੁਜ਼ ਪਰੋ ਕੇ ਜਿਸ ਤਰ੍ਹਾਂ ਉਨ੍ਹਾਂ ਨੇ ਸ਼ਬਦ ਦਾ ਸਾਰ ਉਜਾਗਰ ਕੀਤਾ, ਉਸ ਦੇ ਨੇੜੇ ਕੇਵਲ ਗੁਰਨਾਮ ਸਿੰਘ ਹੀ ਪਹੁੰਚ ਸਕਿਆ ਤੇ ਜਾਂ ਫੇਰ ਟੋਡੀ ਗਾਉਂਦੇ ਹੋਏ ਭਾਈ ਗੁਰਮੀਤ ਸਿੰਘ, ਮਨਜੀਤ ਸਿੰਘ/ਪ੍ਰਿਥੀਪਾਲ ਸਿੰਘ ਤੇ ਅਮਰਿੰਦਰਪਾਲ ਸਿੰਘ ਦਾ ਵਡਹੰਸ ਵੀ ਏਸੇ ਪੱਧਰ ਦਾ ਸੀ।

ਰਾਗਮਈ ਕੀਰਤਨ ਦਰਬਾਰਾਂ ਵਿਚ ਕੀਤੇ ਜਾਂਦੇ ਕੀਰਤਨ ਨੂੰ ਜੇ ਪਹਿਲਾਂ ਵੱਖਰੇ ਸੁਣਨ ਉਪਰੰਤ ਸੰਗਤ ਵਿਚ ਲਿਆਉਣ ਦੀ ਪ੍ਰਥਾ ਬਣਾ ਲਈ ਜਾਵੇ ਤਾਂ

(ਬਾਕੀ ਸਫਾ 34 ਤੇ)

# ਰਾਗ ਬਿਹਾਗੜਾ

ਹਰਿਭਜਨ ਸਿੰਘ

ਅਰੋਹ—ਨੀ ਸ ਗ ਮ ਪ ਨੀ ਸਂ  ਅਵਰੋਹ— ਸਂ ਨੀ ਧ ਪ ਨ਼ੀ ਧ ਪ ਗ ਮ ਗ ਰ ਸ।

ਜਾਤੀ—ਔਡਵ-ਸੰਪੂਰਣ ਆਰੋਹ ਵਿਚ 'ਰ' ਵਰਜਿਤ

ਸਮਾਂ—ਬਿਲਾਵਲੁ ਸੁਰ : ਦੋਵੇਂ ਨੀਸ਼ਾਦ ਰਾਤ ਦਾ ਦੂਜਾ ਪਹਿਰ

ਵਾਦੀ—ਮ  ਸੰਵਾਦੀ—ਸ

ਮੁੱਖ ਅੰਗ—ਸ ਗ ਮ ਪ, ਧ ਨ਼ੀ ਧ ਪ, ਗ ਮ, ਪ ਮ ਗ, ਰ ਸ।

ਸੁਰ ਵਿਸਥਾਰ—ਸ ਗ ਮ ਪ, ਨ਼ੀ ਧ ਪ, ਪ ਮ ਗ ਰ ਸ, ਪ ਧ ਨ਼ੀ ਧ ਪ, ਗ ਮ ਪ ਨੀ ਸਂ ਨੀ ਧ
ਪ ਨ਼ੀ ਧ ਪ, ਧ ਗ ਮ, ਪ ਮ ਗ, ਰ ਸ।

| | | | | | | | |
|---|---|---|---|---|---|---|---|
| | 0 | | | 1 | | 2 | |
| | 1 | 2 | 3 | 4 | 5 | 6 | 7 |
| | ਸ | ਨ਼ | ਧ | ਪ | ਪ | ਮਗ | ਰਗ |
| ਸਥਾਈ | ਹ | ਰਿ | ਕੀ | ਗ | ਤਿ | ਨs | ਹਿਂ |
| | ਮ | ਮ | ਮਪ | ਗ | ਗ | ਰ | ਸ |
| | ਕੋ | s | ਊs | ਜਾ | s | ਨੈ | s |
| | ਗ | ਗ | ਮ | ਪ | ਪ | ਨ | ਨ |
| | ਜੋ | s | ਗੀ | ਜ | s | ਤੀ | ੜ |
| | ਸਂ | ਸਂ | ਸਰਂ | ਨ਼ | ਧ | ਪ | — |
| | ਪੀ | s | ਪਚਿ | ਹਾ | s | ਰੇ | s |
| | ਸ | ਨ਼ | ਧ | ਪ | ਪ | ਮਗ | ਰਗ |
| | ਅ | ਰੁ | ਬਹੁ | ਲੋ | — | ਗs | sਸਿ |
| | ਮ | ਮ | ਮਪ | ਗ | ਗ | ਰ | ਸ |
| | ਆ | s | s | ^ | s | — | — |

ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਗ | ਗ | ਮ- | ਪ | ਪ | ਨ | ਨ | ਸ | ਸ | ਸ | ਨ | ਨ | ਸਂ | ਸਂ |
| ਛਿ | ਨ | ਮਹਿ | ਰਾ | s | ਉ | ਰਂ | s | ਕ | ਕਉ | ਕ | ਰ | ਈ | s |
| ਗਂ | ਗਂ | ਗਂ | ਮਂ | ਮਂ | ਗਂ | ਰਂ | ਨ | ਨ | ਸਂ | ਸਂਗਂ | ਰਂਸਂ | ਸਂ | ਸਂ |
| ਗ | s | ਉ | ਰਂ | ਕ | ਕ | ਰਿ | ਡਾ | s | s | ਰੇ | ss | s | s |

ਅਗਲੀਆਂ ਪੰਕਤੀਆਂ ਵੀ ਅੰਤਰੇ ਦੇ ਇਨ੍ਹਾਂ ਸਵਰਾਂ ਦੇ ਗਾਉ ਜੀ।

ਰਾਗ ਬਿਹਾਗੜਾ ਮਹਲਾ ੯ ॥

ਹਰਿ ਕੀ ਗਤਿ ਕਹਿ ਕੋਊ ਜਾਨੈ ॥ ਜੋਗੀ ਜਤੀ ਤਪੀ ਪਚਿਹਾਰੇ,

ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥

ਰੀਤੇ ਭਰੇ ਭਰੇ ਸਖਨਾਵੈ, ਯਹ ਤਾਕੋ ਬਿਵਹਾਰੇ ॥੧॥

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥

ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥੨॥

ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭਨੁ ਜਗੁ ਭਰਮਾਇਓ ।

ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ ॥੬॥੧॥ ਪੰਨਾ 537

**ਅਰਥ** :—ਹੇ ਭਾਈ ! ਅਨੇਕਾਂ ਜੋਗੀ, ਅਨੇਕਾਂ, ਤਪੀ, ਅਤੇ ਹੋਰ ਬਥੇਰੇ ਸਿਆਣੇ ਮਨੁੱਖ ਖਪ ਖਪ ਕੇ ਹਾਰ ਗਏ ਹਨ, ਪਰ ਕੋਈ ਭੀ ਮਨੁੱਖ ਇਹ ਨਹੀਂ ਜਾਣ ਸਕਦਾ ਕਿ ਪਰਮਾਤਮਾ ਕਿਹੋ ਜਿਹਾ ਹੈ ।੧। ਰਹਾਉ ।

ਹੇ ਭਾਈ ! ਉਹ ਪਰਮਾਤਮਾ ਇਕ ਛਿਲ ਵਿੱਚ ਕੰਗਾਲ ਨੂੰ ਰਾਜਾ ਬਣਾ ਦੇਂਦਾ ਹੈ, ਅਤੇ ਰਾਜੇ ਨੂੰ ਕੰਗਾਲ ਕਰ ਦਿੰਦੇ ਹੈ, ਖਾਲੀ ਭਾਡਿਆਂ ਨੂੰ ਭਰ ਦੇਂਦਾ ਹੈ ਤੇ ਭਰਿਆਂ ਨੂੰ ਖਾਲੀ ਕਰ ਦੇਂਦਾ ਹੈ (ਗ਼ਰੀਬਾਂ ਨੂੰ ਅਮੀਰ ਅਤੇ ਅਮੀਰਾਂ ਨੂੰ ਗਰੀਬ ਬਣਾ ਦੇਂਦਾ ਹੈ)— ਇਹ ਉਸ ਦਾ ਨਿੱਤ ਦਾ ਕੰਮ ਹੈ ।੧।

(ਹੇ ਭਾਈ ! ਇਸ ਦਿੱਸਦੇ ਜਗਤ ਰੂਪ ਤਮਾਸ਼ੇ ਵਿੱਚ) ਪਰਮਾਤਮਾਂ ਨੇ ਆਪਣੀ ਮਾਇਆ ਆਪ ਖਿਲਾਰੀ ਹੋਈ ਹੈ, ਉਹ ਆਪ ਹੀ ਇਸਦੀ ਸੰਭਾਲ ਕਰ ਰਿਹਾ ਹੈ । ਉਹ ਅਨੇਕਾਂ ਰੰਗਾਂ ਦਾ ਮਾਲਕ ਪ੍ਰਭੂ ਕਈ ਤਰ੍ਹਾਂ ਦੇ ਰੂਪ ਧਾਰ ਲੈਂਦਾ ਹੈ, ਤੇ ਸਾਰਿਆਂ ਰੂਪਾਂ ਤੋਂ ਵੱਖਰਾ ਭੀ ਰਹਿੰਦਾ ਹੈ (੨)

ਹੇ ਭਾਈ ! ਉਸ ਪਰਮਾਤਮਾ ਦੇ ਗੁਣ ਗਿਣੇ ਨਹੀਂ ਜਾ ਸਕਦੇ, ਉਹ ਬੇਅੰਤ ਹੈ, ਉਹ ਅਦ੍ਰਿਸ਼ਟ ਹੈ, ਉਹ ਨਿਰਲੇਪ ਹੈ, ਉਸ ਪਰਮਾਤਮਾ ਨੇ ਹੀ ਸਾਰੇ ਜਘਤ ਨੂੰ (ਮਾਇਆ ਦੀ) ਭਟਕਣਾ ਵਿੱਚ ਪਾਇਆ ਹੋਇਆ ਹੈ । ਹੇ ਨਾਨਕ ! (ਆਖ) ਜਿਸ ਮਨੁੱਖ ਨੇ ਉਸ ਦੇ ਚਰਨਾਂ ਵਿੱਚ ਮਨ ਜੋੜਿਆ ਹੈ, ਇਹ ਦੀਆਂ ਸਾਰੀਆਂ ਭਟਕਣਾਂ ਤਿਆਗ ਕੇ ਹੀ ਜੋੜਿਆ ਹੈ । ੩ । ੧ । ੨ ।

—0—

# ਸੁਰਾਂ: ਕੋਮਲ ਅਤੇ ਤੀਵਰ

## ਕੋਮਲ ਸੁਰਾਂ : ਰੇ ਗ ਧ ਨੀ        ਤੀਵਰ ਸੁਰ : ਮ

**ਨੋਟ : ਸੁਰਾਂ ਦੀ ਸਿਆਣ ਸੁਖੇਨ ਕਰਨੀ ਲਈ ਨੰਬਰ ੧ ਤੋਂ ੧੨ ਲਗਾਏ ਹਨ**

| ਮੰਦ੍ਰ ਸਪਤਕ | ਮਧ੍ਯ ਸਪਤਕ | ਤਾਰ ਸਪਤਕ | |
|---|---|---|---|
| ਰੇ ਗ ਮ ਧ ਨੀ | ਰੇ ਗ ਮ ਧ ਨੀ | ਰੇ ਗ ਮ ਧ ਨੀ | ਰੇ |




| | | | |
|---|---|---|---|
| ਸ ਰੇ ਗ ਮ ਪ ਧ ਨੀ | ਸ ਰੇ ਗ ਮ ਪ ਧ ਨੀ | ਸ ਰੇ ਗ ਮ ਪ ਧ ਨੀ | ਸ |
| ਨੀਵੀਂ ਆਵਾਜ਼ | ਦਰਮਿਆਨੀ ਆਵਾਜ਼ | ਉਚੀ ਆਵਾਜ਼ | |

ਪ੍ਰਕਾਸ਼ਕ: ਮਾਸਟਰ ਨਿਹਾਲ ਸਿੰਘ, ਮੈਂਬਰ ਇਨਚਾਰਜ, ਗੁਰਬਾਣੀ ਸੰਗੀਤ ਕਲਾਸ
ਸਥਾਨਕ ਕਮੇਟੀ ਚੀਫ਼ ਖਾਲਸਾ ਦੀਵਾਨ        ਪਲਾਟ ਨੰ: ੬੬, ੧੬ਵਾਂ ਰਸਤਾ, ਖਾਰ, ਬੰਬਈ-੪੦੦੦੫੨.

# ਸੰਗੀਤ ਦੇ ਅਰੰਭਕ ਵਿਦਿਆਰਥੀਆਂ ਲਈ

ਸਪਤਕ : - ਸਤ ਸੁਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ। ਸਪਤਕ ਵਿੱਚ ਸੁਧ, ਕੋਮਲ ਅਤੇ ਤੀਬਰ ਕੁਲ 12 ਸੁਰ ਹੁੰਦੇ ਹਨ। ਜਿਵੇਂ :—

ਸੁਧ ਸੁਰ ਸ ਰ ਗ ਮ ਪ ਧ ਨ
ਕੋਮਲ ਸੁਰ ਰੁ ਗੁ ਧੁ ਨੁ
ਤੀਬਰ ਸੁਰ ਮੇ
ਸਪਤਕ ਵਿੱਚ ਇਹਨਾਂ ਸੁਰਾਂ ਦਾ ਸਥਾਨ ਹੇਠ ਲਿਖੇ ਅਨੁਸਾਰ ਹੁੰਦਾ ਹੈ :
ਸ ਰੁ ਰ ਗੁ ਗ ਮ ਮੇ ਪ ਧੁ ਧ ਨੁ ਨ

ਸੰਗੀਤ ਵਿੱਚ ਹੇਠ ਲਿਖੇ ਤਿੰਨ ਸਪਤਕ ਮੰਨੇ ਗਏ ਹਨ : —
ਮੱਧ ਸਪਤਕ, ਮੰਦਰ ਸਪਤਕ ਅਤੇ ਤਾਰ ਸਪਤਕ।

ਇਹਨਾਂ ਸਪਤਕਾਂ ਦੀ ਰਚਨਾ ਮਨੁੱਖੀ ਅਵਾਜ਼ ਦੇ ਅਧਾਰ ਤੇ ਕੀਤੀ ਗਈ ਹੈ। ਜਿਸ ਥਾਂ ਤੋਂ ਮਨੁੱਖੀ ਅਵਾਜ਼ ਨਿਕਲਦੀ ਹੈ। ਉਸ ਥਾਂ ਦੇ ਅਧਾਰ ਤੇ ਸਪਤਕ ਮੰਨਿਆ ਗਿਆ ਹੈ। ਇਸ ਨੂੰ ਹਰਮੋਨੀਅਮ ਉੱਤੇ ਸਮਝਣ ਲਈ ਹਰਮੋਨੀਅਮ ਦੇ ਸੁਰਾਂ ਦਾ ਚਿੱਤਰ ਵੇਖਿਆ ਜਾਵੇ।

ਮੱਧ ਸਪਤਕ : — ਇਸ ਸਪਤਕ ਦੀ ਅਵਾਜ਼ ਕੱਢਣ ਵੇਲੇ ਮਨੁੱਖ ਦੇ ਗਲੇ ਉੱਤੇ ਜ਼ੋਰ ਪੈਂਦਾ ਹੈ। ਇਸ ਨੂੰ ਕੱਢਣ ਵੇਲੇ ਬਹੁਤਾ ਜ਼ੋਰ ਨਹੀਂ ਲਗਦਾ। ਅਸੀਂ ਆਮ ਗਲਬਾਤ ਸਮੇਂ ਵੀ ਇਸੇ ਸਪਤਕ ਦੀ ਅਵਾਜ਼ ਦਾ ਪ੍ਰਯੋਗ ਕਰਦੇ ਹਾਂ। ਇਸ ਨੂੰ ਦਰਮਿਆਨੀ ਅਵਾਜ਼ ਵੀ ਕਿਹਾ ਜਾ ਸਕਦਾ ਹੈ। ਮੱਧ ਸਪਤਕ ਦੇ ਸੁਰਾਂ ਨੂੰ ਸੁਰ ਲਿਪੀ ਵਿੱਚ ਲਿਖਣ ਲਗਿਆ. ਕੋਈ ਵਿਸ਼ੇਸ਼ ਚਿੰਨ ਨਹੀਂ ਲਗਾਇਆ ਜਾਂਦਾ। ਇਹਨਾਂ ਨੂੰ ਸਧਾਰਨ ਰੂਪ ਵਿਚ ਹੀ ਲਿਖ ਦਿਤਾ ਜਾਂਦਾ ਹੈ। ਜਿਵੇਂ : —

ਸ ਰ ਗ ਮ ਪ ਧ ਨ

ਮੰਦਰ ਸਪਤਕ : — ਜਿਹੜੀ ਅਵਾਜ਼ ਮੱਧ ਸਪਤਕ ਦੀ ਅਵਾਜ਼ ਤੋਂ ਨੀਵੀਂ ਹੋਵੇ ਉਸ ਨੂੰ ਮੰਦਰ ਸਪਤਕ ਦੀ ਅਵਾਜ਼ ਜਾਂ ਨੀਚੀ ਅਵਾਜ਼ ਕਿਹਾ ਜਾਂਦਾ ਹੈ। ਇਸ ਨੂੰ ਕੱਢਣ ਵੇਲੇ ਮਨੁੱਖ ਨੂੰ ਛਾਤੀ ਦਾ ਜ਼ੋਰ ਲਾਉਣਾ ਪੈਂਦਾ ਹੈ। ਇਸ ਦੇ ਸੁਰਾਂ ਨੂੰ ਲਿਖਣ ਵੇਲੇ ਸੁਰਾਂ ਦੇ ਚਿੰਨਾਂ ਹੇਠ ਬਿੰਦੀ ਲਗਾਈ ਜਾਂਦੀ ਹੈ ਜਿਵੇਂ :—

ਸ਼ ਰ਼ ਗ਼ ਮ਼ ਪ਼ ਧ਼ ਨ਼

ਤਾਰ ਸਪਤਕ :— ਜਿਹੜੀ ਧੁਨੀ ਮੱਧ ਸਪਤਕ ਦੀ ਅਵਾਜ਼ ਤੋਂ ਉੱਚੀ ਜਾਂ ਚੜ੍ਹੀ ਹੋਈ ਹੋਵੇ ਉਸ ਨੂੰ ਤਾਰ ਸਪਤਕ ਦੀ ਅਵਾਜ਼ ਕਿਹਾ ਜਾਂਦਾ ਹੈ। ਇਸ ਨੂੰ ਕੱਢਣ ਵੇਲੇ ਮਨੁੱਖ ਦੇ ਤਾਲੂ ਜਾਂ ਕਨਪਟੀਆਂ ਦਾ ਜ਼ੋਰ ਲਗਦਾ ਹੈ। ਇਸ

ਸਪਤਕ ਦੇ ਸੁਰਾਂ ਨੂੰ ਲਿਖਣ ਵੇਲੇ ਸੁਰਾਂ ਦੇ ਚਿੰਨਾਂ ਉੱਤੇ ਬਿੰਦੀ ਲਗਾਈ ਜਾਂਦੀ ਹੈ :—ਸਂ ਰਂ ਗਂ ਮਂ ਪਂ ਧਂ ਨਂ

ਹਰਮੋਨੀਅਮ ਦੇ ਸੁਰਾਂ ਨੂੰ ਜਿਹੜਾ ਚਿੱਤਰ ਤੁਸੀਂ ਵੇਖ ਰਹੇ ਹੋ। ਇਸ ਵਿੱਚ ਸੁਰਾਂ ਦੇ ਨੰਬਰ, ਸੁਰ ਅਤੇ ਸਪਤਕਾਂ ਦੇ ਚਿੰਨ ਦਿੱਤੇ ਗਏ ਹਨ। ਹਰ ਸਪਤਕ ਵਿੱਚ ਸੱਤ ਸ਼ੁੱਧ, ਚਾਰ ਕੋਮਲ ਅਤੇ ਇਕ ਤੀਬਰ, ਇਸ ਤਰ੍ਹਾਂ 12 ਸੁਰ ਹੁੰਦੇ ਹਨ। ਸੁਰਾਂ ਦੇ ਇਹ ਸਥਾਨ ਅਤੇ ਸਪਤਕ ਪਹਿਲੇ ਸੁਰ ਤੋਂ ਸ਼ੁਰੂ ਹੁੰਦਾ ਹੈ। ਹਰ ਮਨੁੱਖ, ਬੱਚੇ ਜਾਂ ਇਸਤਰੀ ਦੇ ਗਲੇ ਵਿਚ ਅੰਤਰ ਹੁੰਦਾ ਹੈ ਕੁਝ ਗਾਇਕ ਮੱਧ ਸਪਤਕ ਵਿਚ ਪਹਿਲੇ ਸੁਰ ਨੂੰ ਸਾ ਮੰਨਕੇ ਗਾਉਂਦੇ ਹਨ ਕੁਝ ਦੂਜੇ ਸੁਰ ਨੂੰ ਅਤੇ ਕੁਝ ਪੰਜਵੇਂ ਸੁਰ ਨੂੰ। ਇਸ ਲਈ ਹਰ ਗਾਇਕ ਆਪਣੇ ਗਲੇ ਅਨੁਸਾਰ ਸਾ ਮੰਨ ਕੇ ਗਾਉਂਦਾ ਹੈ ਅਤੇ ਹਰਮੋਨੀਅਮ ਵਜਾਉਂਦਾ ਹੈ। ਜਦੋਂ ਅਸੀਂ ਪਹਿਲੇ ਸੁਰ ਨੂੰ ਛੱਡ ਕਿਸੇ ਹੋਰ ਸੁਰ ਨੂੰ 'ਸਾ' ਬਣਾ ਕੇ ਗਾਉਂਦੇ ਹਾਂ ਤਾਂ ਸਾਰੇ ਸੁਰਾਂ ਦਾ ਗਿਣਤੀ ਅਨੁਸਾਰ ਸਥਾਨ ਬਦਲ ਜਾਂਦਾ ਹੈ। ਇਸ ਤਰ੍ਹਾਂ ਹਰਮੋਨੀਅਮ ਦੇ ਕਿਸੇ ਵੀ ਪਰਦੇ ਨੂੰ ਸਾ ਮੰਨ ਕੇ ਪੂਰੀ ਸਰਗਮ ਕੱਢੀ ਜਾ ਸਕਦੀ ਹੈ।

---

(ਸਫਾ 29 ਦੀ ਬਾਕੀ)

ਬਹੁਤ ਸਾਰੀਆ ਸੰਗੀਤਕ ਮਨਮਤੀਆਂ ਤੋਂ ਬਚਿਆ ਜਾ ਸਕਦਾ ਹੈ। ਪਰ ਇਹ ਕਰੇ ਕੋਣ ? ਬੁੱਧੀਜੀਆਂ ਦੇ ਤਾਂ ਇਹ ਵੱਸ ਦੀ ਗੱਲ ਨਹੀਂ। ਉਹ ਤਾਂ ਡੱਡਾਂ ਭਾਲਣ ਜਾਂਦੇ ਹਨ। ਹੀਰਾ-ਮੋਤੀ ਚੁਗਣ ਵਾਲੇ ਹੰਸ ਵਿਦਵਾਨ ਤਾਂ ਸਰਵਰਾਂ ਦੀ ਭਾਲ ਵਿਚ ਨੇ, ਛੱਪੜਾਂ ਵਿਚ ਹੱਥ ਡੋਬ ਕੇ ਚਿੱਕੜ ਨਾਲ ਲਿਬੜਨ ਤੋਂ ਉਨ੍ਹਾਂ ਨੂੰ ਗੁਰੇਜ਼ ਹੈ।

ਸੱਚੇ ਸੁੱਚੇ ਸਾਧ ਸੰਤ ਸੰਗਤ ਦੀ ਮਦਦ ਨਾਲ ਅਜਿਹੇ 'ਸਰਵਰ' ਤਿਆਰ ਕਰ ਸਕਦੇ ਹਨ ਜਿੱਥੇ ਨਾ ਕੇਵਲ ਸੁਰ-ਤਾਲ-ਲੈਅ ਦੇ ਅੰਗਾਂ-ਢੰਗਾਂ ਦੀ ਜਾਣ-ਕਾਰੀ ਹੋਵੇ ਸਗੋਂ ਇਨ੍ਹਾਂ ਦੀ ਰੂਹ ਦੀ ਪਛਾਣ ਹੋ ਸਕੇ ਅਤੇ ਇਨ੍ਹਾਂ ਨੂੰ ਸ਼ਬਦ-ਅਰਥ ਸਮਰਪਿਤ ਕਰਨ ਦੀ ਸੂਝ ਬਣ ਸਕੇ। ਸ਼ੁਰੂ ਵਿਚ ਇਸ ਲਈ ਅਭਿਆਸ ਕਿਰਿਆ (ਸਾਧਨਾ) ਦੀ ਮੰਗ ਹੈ ਤੇ ਫੇਰ ਲੋੜ ਹੈ ਜ਼ਿੰਦਗੀ ਵਿਚ ਆਮ-ਸਮਰਪਣ ਦੀ ਭਾਵਨਾ ਸਿਰਜਣ ਦੀ ਜਿਸ ਲਈ ਪ੍ਰਭੂ ਕਿਰਪਾ ਜ਼ਰੂਰੀ ਹੈ। ਤਾਂ ਹੀ 'ਗਾਵਹੁ ਤਾਰ ਮਿਲਾਇ' ਦੀ ਸਥਿਤੀ ਬਣ ਸਕੇਗੀ।